# ਪੇਂਡੂ ਪੰਜਾਬ ਤੋਂ ਕੌਮਾਂਤਰੀ ਪਰਵਾਸ ਦੇ ਵੱਖ-ਵੱਖ ਪਹਿਲੂਆਂ ਦਾ ਵਿਸ਼ਲੇਸ਼ਣ

**ਗਿਆਨ ਸਿੰਘ**
ਸਾਬਕਾ ਪ੍ਰੋਫ਼ੈਸਰ, ਅਰਥ ਵਿਗਿਆਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

**ਧਰਮ ਪਾਲ**
ਸਹਾਇਕ ਪ੍ਰੋਫ਼ੈਸਰ, ਅਰਥ ਵਿਗਿਆਨ ਵਿਭਾਗ,
ਇਕਡੋਲ, ਹਿਮਾਚਲ ਪ੍ਰਦੇਸ਼ ਯੂਨੀਵਰਸਿਟੀ, ਸ਼ਿਮਲਾ।

**ਗੁਰਿੰਦਰ ਕੌਰ**
ਸਾਬਕਾ ਪ੍ਰੋਫ਼ੈਸਰ, ਭੂਗੋਲ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

**ਰੁਪਿੰਦਰ ਕੌਰ**
ਸਹਾਇਕ ਪ੍ਰੋਫ਼ੈਸਰ, ਅਰਥ ਵਿਗਿਆਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

**ਸੁਖਵੀਰ ਕੌਰ**
ਸਹਾਇਕ ਪ੍ਰੋਫ਼ੈਸਰ, ਅਰਥ ਵਿਗਿਆਨ ਵਿਭਾਗ,
ਦਸ਼ਮੇਸ਼ ਖਾਲਸਾ ਕਾਲਜ, ਜ਼ੀਰਕਪੁਰ।

**ਜੋਤੀ**
ਸਹਾਇਕ ਪ੍ਰੋਫ਼ੈਸਰ, ਅਰਥ ਵਿਗਿਆਨ ਵਿਭਾਗ,
ਜੀ.ਜੀ.ਡੀ.ਐੱਸ.ਡੀ. ਕਾਲਜ, ਖੇੜੀ ਗੁਰਨਾ, ਬਨੂੰੜ।

## ਭੂਮਿਕਾ

ਮੁੱਢਲੇ ਸਮੇਂ ਤੋਂ ਹੀ ਮਨੁੱਖ ਪਰਵਾਸ ਕਰਦੇ ਰਹੇ ਹਨ। ਲੋਕ ਕੰਮ ਜਾਂ ਆਰਥਿਕ ਮੌਕਿਆਂ ਦੀ ਭਾਲ ਵਿੱਚ, ਪਰਿਵਾਰ ਵਿੱਚ ਸ਼ਾਮਲ ਹੋਣ ਜਾਂ ਪੜ੍ਹਾਈ ਕਰਨ ਲਈ ਪਰਵਾਸ ਕਰਦੇ ਹਨ। ਇਸ ਤਰ੍ਹਾਂ, ਪਰਵਾਸ ਕੋਈ ਨਵੀਂ ਧਾਰਨਾ ਨਹੀਂ ਹੈ। ਮਨੁੱਖੀ ਹੋਂਦ ਦੀ ਸ਼ੁਰੂਆਤ ਦੇ ਨਾਲ਼ ਹੀ ਮਨੁੱਖ ਦਾ ਪਰਵਾਸ ਵੀ ਸ਼ੁਰੂ ਹੋ ਗਿਆ ਸੀ। ਪਹਿਲਾਂ-ਪਹਿਲ ਮਨੁੱਖ ਆਪਣੇ ਜਿਊਣ ਲਈ ਖਾਧ-ਪਦਾਰਥਾਂ ਦੀ ਭਾਲ ਵਿੱਚ ਇੱਕ ਤੋਂ ਦੂਜੀ ਥਾਂ ਪਰਵਾਸ ਕਰਦੇ ਸਨ। ਮਨੁੱਖਾਂ ਨੇ ਆਪਣੀ ਜ਼ਿੰਦਗੀ ਨੂੰ ਸੁਖਾਲਾ ਬਣਾਉਣ ਲਈ ਜਾਨਵਰ ਪਾਲਣੇ ਅਤੇ ਫ਼ਸਲਾਂ ਉਗਾਉਣੀਆਂ ਸ਼ੁਰੂ ਕੀਤੀਆਂ ਜਿਸ ਦੇ ਨਤੀਜੇ ਵਜੋਂ ਹੋਲੀ ਹੋਲੀ ਪਿੰਡ ਅਤੇ ਸ਼ਹਿਰ ਹੋਂਦ ਵਿੱਚ ਆਏ। ਮਨੁੱਖਾਂ ਨੇ ਆਪਣੀ ਰੋਜ਼ੀ-ਰੋਟੀ ਕਮਾਉਣ ਲਈ ਪਿੰਡਾਂ ਤੋਂ ਪਿੰਡਾਂ, ਪਿੰਡਾਂ ਤੋਂ ਸ਼ਹਿਰਾਂ, ਸ਼ਹਿਰਾਂ ਤੋਂ ਸ਼ਹਿਰਾਂ ਅਤੇ ਸ਼ਹਿਰਾਂ ਤੋਂ ਪਿੰਡਾਂ ਵੱਲ ਪਰਵਾਸ ਸ਼ੁਰੂ ਕੀਤਾ। ਜਨਸੰਖਿਆ ਦੇ ਵਧਣ ਅਤੇ ਵੱਖ ਵੱਖ ਦੇਸਾਂ ਦੇ ਆਰਥਿਕ ਵਿਕਾਸ ਦੇ ਵਖਰੇਵਿਆਂ ਕਾਰਨ ਕੌਮਾਂਤਰੀ ਪਰਵਾਸ ਹੋਂਦ ਵਿੱਚ ਆਇਆ। ਯੂ.ਐੱਨ.ਓ.ਡੀ.ਸੀ. ਦੀ ਇੱਕ ਰਿਪੋਰਟ (2009) ਅਨੁਸਾਰ ਸ਼ੁਰੂਆਤ ਵਿੱਚ ਭਾਰਤੀ ਪਰਵਾਸੀਆਂ ਨੇ ਆਪਣੇ ਦੇਸ ਦੇ ਨੇੜਲੇ ਦੇਸਾਂ ਜਿਵੇਂ ਸਿੰਗਾਪੁਰ ਅਤੇ ਹਾਂਗਕਾਂਗ ਵਿੱਚ ਪਰਵਾਸ ਕੀਤਾ, ਪਰ ਬਾਅਦ ਵਿੱਚ ਇਹ ਅਸਟਰੇਲੀਆ, ਕੈਨੇਡਾ,

ਅਤੇ ਯੂ.ਐੱਸ.ਏ. ਵਰਗੇ ਹੋਰ ਦੂਰ-ਦੁਰਾਡੇ ਵਾਲ਼ੇ ਦੇਸਾਂ ਵਿੱਚ ਪਰਵਾਸ ਕਰਨ ਲੱਗੇ। ਕੌਮਾਂਤਰੀ ਪਰਵਾਸ ਤੇਜ਼ੀ ਨਾਲ਼ ਆਮ ਹੋ ਗਿਆ ਹੈ, ਲੱਖਾਂ ਲੋਕ ਵਿਦੇਸਾਂ ਵਿੱਚ ਬਿਹਤਰ ਮੌਕਿਆਂ ਦੀ ਭਾਲ ਵਿੱਚ ਆਪਣੇ ਦੇਸ ਛੱਡ ਰਹੇ ਹਨ। ਇਹ ਰੁਝਾਨ ਭਾਰਤ ਵਿੱਚ ਖ਼ਾਸ ਤੌਰ ਉੱਤੇ ਧਿਆਨ ਦੇਣ ਯੋਗ ਹੈ, ਜਿੱਥੇ ਆਰਥਿਕ ਵਿਕਾਸ ਅਤੇ ਉਦਾਰੀਕਰਨ ਨੇ ਹੁਨਰ ਅਤੇ ਸਾਧਨਾਂ ਵਾਲ਼ੇ ਲੋਕਾਂ ਲਈ ਨਵੇਂ ਮੌਕੇ ਪੈਦਾ ਕੀਤੇ ਹਨ (ਗੁਪਤਾ ਅਤੇ ਹੋਰ, 2023)। ਕੌਮਾਂਤਰੀ ਪਰਵਾਸ ਉਹ ਪਹਿਲੂ ਹੈ ਜਿਹੜਾ ਵਿਕਸਤ ਅਤੇ ਵਿਕਾਸਸ਼ੀਲ ਦੇਸਾਂ ਦਰਮਿਆਨ ਆਰਥਿਕ ਸੰਬੰਧਾਂ ਨੂੰ ਪ੍ਰਭਾਵਿਤ ਕਰਦਾ ਹੈ। ਪਰਵਾਸੀ ਕਾਮੇ ਘਰੇਲੂ ਅਤੇ ਵਿਦੇਸਾਂ ਦੇ ਆਰਥਿਕ ਅਤੇ ਸਮਾਜਿਕ ਵਿਕਾਸ ਵਿੱਚ ਵੱਡਾ ਯੋਗਦਾਨ ਪਾਉਂਦੇ ਹਨ (ਕੁਮਾਰ ਅਤੇ ਹੁਸੈਨ, 2008)।

ਦੂਜੇ ਵਿਸ਼ਵ ਯੁੱਧ ਤੋਂ ਬਾਅਦ, ਗ੍ਰੇਟ ਬ੍ਰਿਟੇਨ ਨੂੰ ਪੁਨਰ-ਨਿਰਮਾਣ ਲਈ ਕਿਰਤ ਦੀ ਲੋੜ ਸੀ; ਕੈਨੇਡਾ ਨੇ ਆਰਥਿਕ ਵਿਸਥਾਰ ਪ੍ਰੋਗਰਾਮ ਸ਼ੁਰੂ ਕੀਤਾ ਅਤੇ ਯੂ.ਐੱਸ.ਏ. ਨੇ ਵੀ ਭਾਰਤੀਆਂ ਲਈ ਆਪਣੇ ਦਰਵਾਜ਼ੇ ਖੋਲ੍ਹੇ। ਪੰਜਾਬੀਆਂ ਨੇ ਇਹਨਾਂ ਸਭ ਮੌਕਿਆਂ ਦਾ ਫ਼ਾਇਦਾ ਉਠਾ ਕੇ ਵੱਡੀ ਗਿਣਤੀ ਵਿੱਚ ਇਹਨਾਂ ਦੇਸਾਂ ਵਿੱਚ ਪਰਵਾਸ ਕੀਤਾ। ਇਸ ਤੋਂ ਇਲਾਵਾ, ਪਰਵਾਸੀਆਂ ਦੀ ਬ੍ਰਿਟਿਸ਼ ਫ਼ੌਜ ਵਿੱਚ ਭਰਤੀ ਦੀ ਸ਼ੁਰੂਆਤ ਹੋਣ ਨਾਲ਼ ਉਹਨਾਂ ਲਈ ਬ੍ਰਿਟਿਸ਼ ਸਾਮਰਾਜ ਦੀਆਂ ਕਈ ਹੋਰ ਬਸਤੀਆਂ ਵਿੱਚ ਪਰਵਾਸ ਦੇ ਰਾਹ ਖੁੱਲ੍ਹ ਗਏ। ਬ੍ਰਿਟਿਸ਼ ਸਰਕਾਰ ਨੇ ਆਪਣੀਆਂ ਹੋਰ ਬਸਤੀਆਂ ਵਿੱਚ ਅਮਨ-ਕਾਨੂੰਨ ਦੀ ਸਥਿਤੀ ਬਣਾਈ ਰੱਖਣ ਲਈ ਆਪਣੀ ਫ਼ੌਜ ਵਿੱਚ ਭਰਤੀ ਪੰਜਾਬੀਆਂ ਨੂੰ ਤਾਇਨਾਤ ਕੀਤਾ। ਸ਼ੁਰੂਆਤ ਵਿੱਚ ਭਾਰਤੀਆਂ ਨੇ ਬ੍ਰਿਟਿਸ਼ ਸਾਮਰਾਜ ਦੀਆਂ ਪੂਰਬ ਵਿੱਚ ਸਥਿਤ ਬਸਤੀਆਂ, ਨਿਊਜ਼ੀਲੈਂਡ, ਅਸਟਰੇਲੀਆ, ਯੂ.ਕੇ., ਕੈਨੇਡਾ, ਯੂ.ਐੱਸ.ਏ., ਅਤੇ ਅਫਰੀਕਾ, ਖ਼ਾਸ ਕਰ ਕੇ ਪੂਰਬੀ ਅਫਰੀਕਾ ਵਿੱਚ ਪਰਵਾਸ ਕੀਤਾ। 1970 ਦੇ ਦਹਾਕੇ ਵਿੱਚ, ਮੱਧ ਪੂਰਬ ਦੇ ਦੇਸਾਂ ਨੂੰ ਤਰਜ਼ੀਹ ਦਿੱਤੀ ਗਈ (ਕਪੂਰੀਆ, 2018)। ਹਾਲ ਹੀ ਵਿੱਚ ਯੂਰਪ, ਖ਼ਾਸ ਕਰ ਕੇ ਦੱਖਣੀ ਯੂਰਪ, ਦੇ ਦੇਸਾਂ ਵਿੱਚ ਵਧੇਰੇ ਪਰਵਾਸ ਹੋ ਰਿਹਾ ਹੈ (ਜੈਕੋਬਸਨ ਅਤੇ ਮਿਰਵੋਲਡ, 2011)।

ਖੇਤੀਬਾੜੀ ਉਤਪਾਦਕਤਾ ਦੇ ਹਿਸਾਬ ਨਾਲ਼ ਪੰਜਾਬ ਦੇਸ ਵਿੱਚ ਸਭ ਤੋਂ ਅੱਗੇ ਹੈ।ਸੂਬੇ ਦੀ ਕੁੱਲ ਆਬਾਦੀ ਦਾ 62.51 ਪ੍ਰਤਿਸ਼ਤ ਪੇਂਡੂ ਖੇਤਰਾਂ ਅਤੇ ਬਾਕੀ (37.49 ਪ੍ਰਤਿਸ਼ਤ) ਸ਼ਹਿਰੀ ਖੇਤਰਾਂ ਵਿੱਚ ਵਿੱਚ ਰਹਿੰਦਾ ਹੈ। ਸੂਬੇ ਦੀ ਕੁੱਲ ਕਾਰਜ ਸ਼ਕਤੀ ਦਾ 35.60 ਪ੍ਰਤਿਸ਼ਤ ਖੇਤੀਬਾੜੀ ਅਤੇ ਇਸ ਨਾਲ਼ ਸੰਬੰਧਿਤ ਕਿੱਤਿਆਂ ਉੱਤੇ ਨਿਰਭਰ ਕਰਦਾ ਹੈ (ਭਾਰਤ ਸਰਕਾਰ, 2011)। 'ਹਰੇ ਇਨਕਲਾਬ' ਦੇ ਆਉਣ ਨਾਲ਼ ਪੰਜਾਬ ਖੇਤੀਬਾੜੀ ਵਿਕਾਸ ਦੇ ਖੇਤਰ ਵਿੱਚ ਸਭ ਤੋਂ ਉੱਨਤ ਸੂਬੇ ਵਜੋਂ ਉੱਭਰਿਆ ਹੈ।ਭਾਵੇਂ ਖੇਤੀਬਾੜੀ ਖੇਤਰ ਦੀ ਕੁੱਲ ਸੂਬਾ ਘਰੇਲੂ ਉਤਪਾਦ (ਜੀ.ਐੱਸ.ਡੀ.ਪੀ.) ਅਤੇ ਕਾਰਜ ਸ਼ਕਤੀ ਨੂੰ ਰੁਜ਼ਗਾਰ ਮੁਹੱਈਆਂ ਕਰਵਾਉਣ ਵਿੱਚ ਕਮੀ ਆਈ ਹੈ, ਪਰ ਫਿਰ ਵੀ ਇਹ ਸੂਬੇ ਦੀ ਆਰਥਿਕਤਾ ਦਾ ਸਭ ਤੋਂ ਮਹੱਤਵਪੂਰਨ ਖੇਤਰ ਹੈ (ਗਰੇਵਰ ਅਤੇ ਹੋਰ, 2017)। 'ਹਰੇ ਇਨਕਲਾਬ' ਨੇ ਜਿੱਥੇ ਖੇਤੀਬਾੜੀ ਉਤਪਾਦਨ ਵਿੱਚ ਵਾਧਾ ਕੀਤਾ, ਉੱਥੇ ਮਿੱਟੀ ਅਤੇ ਪਾਣੀ ਦੇ ਪੱਧਰ ਉੱਤੇ ਮਾੜੇ ਪ੍ਰਭਾਵ ਪਾਏ ਅਤੇ ਉਤਪਾਦਨ ਲਾਗਤ ਵਿੱਚ ਵਾਧਾ ਕੀਤਾ, ਨਤੀਜੇ ਵਜੋਂ ਖੇਤੀਬਾੜੀ ਘਾਟੇ ਦਾ ਧੰਦਾ ਬਣ ਗਈ। ਗ਼ੈਰ-ਖੇਤੀਬਾੜੀ ਖੇਤਰ ਦੀ ਰੁਜ਼ਗਾਰ-ਰਹਿਤ ਪ੍ਰਗਤੀ ਕਾਰਨ ਸੂਬੇ ਦੇ ਨੌਜਵਾਨਾਂ ਵਿੱਚ ਆਪਣੇ ਦੇਸ ਅਤੇ ਸੂਬੇ ਲਈ ਬੇਰੁਖੀ ਹੋਣ ਕਰ ਕੇ ਉਹ ਬਾਹਰਲੇ ਦੇਸਾਂ ਵਿੱਚ ਜਾਣ ਲਈ ਤੜਫ਼ ਰਹੇ ਹਨ।

ਦੀ ਟ੍ਰਿਬਿਊਨ ਵਿੱਚ ਛੱਪੀ ਇੱਕ ਰਿਪੋਰਟ (2019) ਅਨੁਸਾਰ, ਕੇਰਲਾ ਸੂਬੇ ਤੋਂ ਬਾਅਦ ਕੌਮਾਂਤਰੀ ਪਰਵਾਸ ਦੇ ਸੰਬੰਧ ਵਿੱਚ ਪੰਜਾਬ ਦੂਜੇ ਨੰਬਰ ਉੱਤੇ ਹੈ। ਪਿਛਲੇ ਕਈ ਦਹਾਕਿਆਂ ਤੋਂ ਪੰਜਾਬ ਤੋਂ ਕੌਮਾਂਤਰੀ ਪਰਵਾਸ ਲਗਾਤਾਰ ਵਧ ਰਿਹਾ ਹੈ ਅਤੇ ਇਹ ਭਾਰਤ ਦੇ ਚੋਟੀ ਦੇ ਰਾਜਾਂ ਵਿੱਚੋਂ ਇੱਕ ਹੈ ਜਿੱਥੋਂ ਵੱਡੇ ਪੱਧਰ ਉੱਤੇ ਪਰਵਾਸ ਹੋਇਆ ਹੈ। ਵਿਦੇਸ ਮੰਤਰਾਲੇ ਦੀ ਇੱਕ ਸਾਲਾਨਾ ਰਿਪੋਰਟ (2018-19) ਅਨੁਸਾਰ 2018 ਵਿੱਚ ਕੌਮਾਂਤਰੀ ਪਰਵਾਸ ਵਿੱਚ ਪੰਜਾਬ ਦਾ ਹਿੱਸਾ 6 ਪ੍ਰਤਿਸ਼ਤ ਸੀ। ਸੂਬੇ ਦੇ ਪੱਧਰ ਉੱਤੇ, ਸਮਾਜਿਕ-ਆਰਥਿਕ ਅੰਤਰ ਪਰਵਾਸ ਦੀਆਂ ਪ੍ਰਵਿਰਤੀਆਂ ਨੂੰ ਵਧਾਉਂਦੇ ਹਨ

ਕਿਉਂਕਿ ਪੇਂਡੂ ਖੇਤਰਾਂ ਵਿੱਚ 13 ਪ੍ਰਤਿਸ਼ਤ ਅਤੇ ਸ਼ਹਿਰੀ ਖੇਤਰਾਂ ਵਿੱਚ ਸਿਰਫ਼ 6 ਪ੍ਰਤਿਸ਼ਤ ਪਰਿਵਾਰਾਂ ਨੇ ਪਰਵਾਸੀਆਂ ਨੂੰ ਕੌਮਾਂਤਰੀ ਸਥਾਨਾਂ ਉੱਤੇ ਭੇਜਣ ਦੀ ਸੰਭਾਵਨਾ ਜਤਾਈ ਸੀ (ਨੰਦਾ ਅਤੇ ਵੇਰੋਨ, 2015)।

ਕੈਨੇਡਾ, ਯੂਰਪ, ਯੂ.ਐੱਸ.ਏ., ਅਤੇ ਯੂ.ਕੇ. ਵੱਡੇ ਪੱਧਰ ਉੱਤੇ ਭਾਰਤੀਆਂ ਲਈ ਪਸੰਦੀ ਦੇ ਟਿਕਾਣੇ ਹਨ। ਇਹਨਾਂ ਦੇਸਾਂ ਵਿੱਚ ਜਾਣ ਲਈ ਪੰਜਾਬੀ ਪਾਗਲ ਹੋਏ ਪਏ ਹਨ। ਜਦੋਂ ਪਰਵਾਸੀ ਭਾਰਤੀ ਪੰਜਾਬ ਆਉਂਦੇ ਹਨ ਅਤੇ ਲੋਕਾਂ ਨੂੰ ਆਪਣੀ ਬਦਲੀ ਹੋਈ ਜੀਵਨ ਸ਼ੈਲੀ ਦਿਖਾਉਂਦੇ ਹਨ ਤਾਂ ਲੋਕ ਇਹਨਾਂ ਦੇਸਾਂ ਵਿੱਚ ਜਾਣ ਦਾ ਮਨ ਬਣਾ ਲੈਂਦੇ ਹਨ। ਹਾਲਾਂ ਕਿ, ਇਹ ਧਿਆਨ ਦੇਣ ਯੋਗ ਹੈ ਕਿ ਯੂ.ਕੇ. ਅਤੇ ਦੁਨੀਆ ਦੇ ਕਈ ਹੋਰ ਹਿੱਸਿਆਂ ਵਿੱਚ ਪੰਜਾਬੀਆਂ ਦਾ ਇੱਕ ਮਹੱਤਵਪੂਰਨ ਭਾਰਤੀ ਪਰਵਾਸੀ ਭਾਈਚਾਰਾ ਹੈ। ਖਾੜੀ ਦੇਸਾਂ ਵਿੱਚ ਭਾਰਤੀ ਪ੍ਰਵਾਸੀਆਂ ਦਾ 33 ਪ੍ਰਤਿਸ਼ਤ ਹਿੱਸਾ ਪੰਜਾਬੀ ਹੈ, ਜਦੋਂ ਕਿ ਕੈਨੇਡਾ ਅਤੇ ਅਮਰੀਕਾ ਵਿੱਚ ਪੰਜਾਬੀਆਂ ਦਾ ਕ੍ਰਮਵਾਰ ਪ੍ਰਤਿਸ਼ਤ ਕੁੱਲ ਭਾਰਤੀ ਪ੍ਰਵਾਸੀਆਂ ਦਾ 20 ਅਤੇ 11 ਹੈ। ਯੂ.ਕੇ. ਵਿੱਚ ਵਿਸ਼ਵ ਭਰ ਵਿੱਚ ਰਹਿੰਦੇ ਸਾਰੇ ਪੰਜਾਬੀਆਂ ਦਾ 0.6 ਪ੍ਰਤਿਸ਼ਤ ਹਿੱਸਾ ਹੈ, ਜੋ ਇਹ ਦਰਸਾਉਂਦਾ ਹੈ ਕਿ ਅਜੋਕੇ ਸਮੇਂ ਵਿੱਚ ਪੰਜਾਬੀ ਵਿਦੇਸਾਂ ਦੇ ਕੋਨੇ ਕੋਨੇ ਵਿੱਚ ਵੱਸੇ ਹੋਏ ਹਨ (ਚੰਦਾ ਅਤੇ ਘੋਸ਼, 2012)। ਇਸ ਮੌਜੂਦਾ ਅਧਿਐਨ ਵਿੱਚ ਪੇਂਡੂ ਪੰਜਾਬ ਤੋਂ ਕੌਮਾਂਤਰੀ ਪਰਵਾਸ ਦੇ ਵੱਖ ਵੱਖ ਪਹਿਲੂਆਂ ਦਾ ਵਿਸ਼ਲੇਸ਼ਣ ਕਰਨ ਦਾ ਇੱਕ ਯਤਨ ਕੀਤਾ ਗਿਆ ਹੈ।

## ਖੋਜ ਵਿਧੀ

ਮੌਜੂਦਾ ਅਧਿਐਨ ਬਹੁ-ਪੱਧਰੀ ਦਰਜਾਬੰਦੀ ਬੇਤਰਤੀਬੇ ਨਮੂਨਾ (Multi-stage Stratified Random Sampling) ਤਕਨੀਕ ਉੱਤੇ ਅਧਾਰਤ ਹੈ। ਇਸ ਅਧਿਐਨ ਦੇ ਉਦੇਸ਼ ਲਈ, ਪੰਜਾਬ ਦੇ ਤਿੰਨ ਭੂਗੋਲਿਕ ਖੇਤਰਾਂ- ਮਾਝਾ, ਦੁਆਬਾ, ਅਤੇ ਮਾਲਵਾ- ਦੇ ਅੱਧੇ ਜ਼ਿਲ੍ਹੇ ਗ਼ੈਰ-ਵਿਵਸਥਾ ਢੰਗ (randomly) ਨਾਲ਼ ਚੁਣੇ ਗਏ ਹਨ। ਮਾਝੇ ਦੇ ਚਾਰ ਜ਼ਿਲ੍ਹਿਆਂ ਵਿੱਚੋਂ ਦੋ ਜ਼ਿਲ੍ਹੇ- ਅੰਮ੍ਰਿਤਸਰ ਅਤੇ ਗੁਰਦਾਸਪੁਰ ਨੂੰ ਚੁਣਿਆ ਗਿਆ। ਦੋਆਬੇ ਦੇ ਚਾਰ ਜ਼ਿਲ੍ਹਿਆਂ ਵਿੱਚੋਂ ਜਲੰਧਰ ਅਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਦੀ ਚੋਣ ਕੀਤੀ ਗਈ। ਇਸੇ ਤਰ੍ਹਾਂ ਮਾਲਵੇ ਦੇ 15 ਜ਼ਿਲ੍ਹਿਆਂ ਵਿੱਚੋਂ ਅੱਠ ਜ਼ਿਲ੍ਹੇ- ਬਰਨਾਲਾ, ਬਠਿੰਡਾ, ਫ਼ਿਰੋਜ਼ਪੁਰ, ਲੁਧਿਆਣਾ, ਮੋਗਾ, ਪਟਿਆਲਾ, ਸੰਗਰੂਰ, ਅਤੇ ਸ੍ਰੀ ਮੁਕਤਸਰ ਸਾਹਿਬ ਚੁਣੇ ਗਏ।

ਅਗਲੇ ਪੜਾਅ ਉੱਤੇ, ਚੁਣੇ ਹੋਏ ਜ਼ਿਲ੍ਹਿਆਂ ਦੇ ਹਰੇਕ ਕਮਿਊਨਿਟੀ ਵਿਕਾਸ ਬਲਾਕ ਵਿੱਚੋਂ ਇਕ ਪਿੰਡ ਨੂੰ ਗ਼ੈਰ-ਵਿਵਸਥਾ ਢੰਗ (randomly) ਚੁਣਿਆ ਗਿਆ।ਇਸ ਤਰ੍ਹਾਂ ਸਰਵੇਖਣ ਲਈ ਕੁੱਲ 98 ਪਿੰਡ ਚੁਣੇ ਗਏ, ਜਿਹਨਾਂ ਵਿੱਚ ਮਾਝੇ ਦੇ 20, ਦੁਆਬੇ ਦੇ 21 ਅਤੇ ਮਾਲਵੇ ਦੇ 57 ਪਿੰਡ ਸਨ। ਚੁਣੇ ਗਏ ਪਿੰਡਾਂ ਵਿੱਚੋਂ, 1951 ਤੋਂ 2021 ਦੇ ਸਮੇਂ ਦੌਰਾਨ ਉਹਨਾਂ ਸਾਰੇ ਪਰਿਵਾਰਾਂ ਦਾ ਸਰਵੇਖਣ ਕੀਤਾ ਗਿਆ ਹੈ ਜਿਹਨਾਂ ਦਾ ਕੋਈ ਨਾ ਕੋਈ ਵਿਅਕਤੀ ਦੂਸਰੇ ਦੇਸਾਂ ਵਿੱਚ ਗਿਆ ਹੈ। ਅਜਿਹੇ ਪਰਿਵਾਰ ਮਾਝੇ ਵਿੱਚ 358, ਦੁਆਬੇ ਵਿੱਚ 947 ਅਤੇ ਮਾਲਵੇ ਵਿੱਚ 1292 ਪਾਏ ਗਏ। ਇਸ ਤਰ੍ਹਾਂ, ਪੇਂਡੂ ਪੰਜਾਬ ਵਿੱਚ ਕੁੱਲ 2597 ਅਜਿਹੇ ਪਰਿਵਾਰਾਂ ਤੋਂ ਅੰਕੜੇ ਇੱਕਠੇ ਕੀਤੇ ਗਏ। ਇੰਟਰਵਿਊ ਵਿਧੀ ਦੁਆਰਾ ਪ੍ਰਸ਼ਨਾਵਲੀ-ਕਮ-ਸ਼ਡਿਊਲ ਰਾਹੀਂ ਪਰਵਾਸੀਆਂ ਦੇ ਪਰਿਵਾਰਕ ਮੈਂਬਰਾਂ ਤੋਂ ਲੋੜੀਂਦੇ ਮੁੱਢਲੇ ਅੰਕੜੇ ਇੱਕਠੇ ਕੀਤੇ ਗਏ। ਮੌਜੂਦਾ ਅਧਿਐਨ ਲਈ ਪ੍ਰਾਪਤ ਜਾਣਕਾਰੀ ਨੂੰ ਸਾਰਨੀਆਂ ਰਾਹੀਂ ਦਰਸਾਇਆ ਗਿਆ ਹੈ। ਇਹਨਾਂ ਸਾਰਨੀਆਂ ਵਿੱਚ ਸੰਬੰਧਿਤ ਚਰਾਂ ਦੇ ਔਸਤ ਮੁੱਲ ਅਤੇ ਅਨੁਪਾਤਿਕ ਮੁੱਲ ਦਰਸਾਏ ਗਏ ਹਨ। ਅਧਿਐਨ ਦੇ ਨਤੀਜੇ ਖੜ੍ਹਵੀਆਂ ਕਤਾਰਾਂ ਅਤੇ ਰੇਖਾ ਚਿੱਤਰਾਂ ਦੁਆਰਾ ਪ੍ਰਦਰਸ਼ਿਤ ਕੀਤੇ ਗਏ ਹਨ।

## ਨਤੀਜੇ ਅਤੇ ਚਰਚਾ

ਸਾਰਨੀ 1 ਤੋਂ ਪਤਾ ਲੱਗਦਾ ਹੈ ਕਿ ਕੁੱਲ 2597 ਸਰਵੇਖਣ ਕੀਤੇ ਪਰਿਵਾਰਾਂ ਵਿੱਚੋਂ ਪਰਵਾਸ ਕੀਤੇ ਗਏ ਵਿਅਕਤੀਆਂ ਦੀ ਗਿਣਤੀ 2788 ਹੈ ਜਿਸ ਤੋਂ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਕੁਝ ਘਰਾਂ ਤੋਂ ਇੱਕ ਤੋਂ ਜ਼ਿਆਦਾ ਵਿਅਕਤੀਆਂ ਨੇ ਕੌਮਾਂਤਰੀ ਪਰਵਾਸ ਕੀਤਾ ਹੈ। ਦੋ-ਤਿਹਾਈ ਤੋਂ ਵੱਧ ਪਰਿਵਾਰਾਂ (69.19 ਪ੍ਰਤਿਸ਼ਤ) ਵਿੱਚ ਇੱਕਲੇ ਵਿਅਕਤੀ ਅਤੇ ਬਾਕੀ 30.81 ਪ੍ਰਤਿਸ਼ਤ ਪਰਿਵਾਰਾਂ ਵਿੱਚ ਇੱਕ ਤੋਂ ਜ਼ਿਆਦਾ ਵਿਅਕਤੀਆਂ ਨੇ ਕੌਮਾਂਤਰੀ ਪਰਵਾਸ ਕੀਤਾ ਹੈ। ਜਿਹਨਾਂ ਪਰਿਵਾਰਾਂ ਵਿੱਚੋਂ ਦੋ ਵਿਅਕਤੀਆਂ ਨੇ ਕੌਮਾਂਤਰੀ ਪਰਵਾਸ ਕੀਤਾ, ਉਹਨਾਂ ਦਾ ਪ੍ਰਤਿਸ਼ਤ 13.90 ਪਾਇਆ ਗਿਆ, ਜਦੋਂ ਕਿ 2.89 ਪ੍ਰਤਿਸ਼ਤ ਪਰਿਵਾਰਾਂ ਵਿੱਚ ਤਿੰਨ ਵਿਅਕਤੀ ਕੌਮਾਂਤਰੀ ਪਰਵਾਸੀ ਸਨ ਅਤੇ ਕੁਝ ਪਰਿਵਾਰਾਂ (0.42 ਪ੍ਰਤਿਸ਼ਤ) ਵਿੱਚ ਚਾਰ ਵਿਅਕਤੀ ਕੌਮਾਂਤਰੀ ਪਰਵਾਸੀ ਪਾਏ ਗਏ। ਸਰਵੇਖਣ ਕੀਤੇ ਕੁੱਲ 2597 ਪਰਿਵਾਰਾਂ ਵਿੱਚੋਂ 13.60 ਪ੍ਰਤਿਸ਼ਤ ਪਰਿਵਾਰਾਂ ਦੇ ਸਾਰੇ ਵਿਅਕਤੀ ਹੀ ਦੂਸਰੇ ਦੇਸਾਂ ਵਿੱਚ ਪਰਵਾਸ ਕਰ ਗਏ।

**ਸਾਰਨੀ** 1
**ਪਰਵਾਸੀਆਂ ਅਤੇ ਸਰਵੇਖਣ ਕੀਤੇ ਪਰਿਵਾਰਾਂ ਦੀ ਗਿਣਤੀ**

| | |
|---|---|
| ਸਰਵੇਖਣ ਕੀਤੇ ਪਰਿਵਾਰਾਂ ਦੀ ਗਿਣਤੀ | 2597 |
| ਪਰਵਾਸੀਆਂ ਦੀ ਗਿਣਤੀ | 2788 |
| ਇਕੱਲੇ ਪਰਵਾਸੀ ਵਾਲ਼ੇ ਪਰਿਵਾਰਾਂ ਦੀ ਗਿਣਤੀ | 1797 (69.19) |
| ਦੋ ਪਰਵਾਸੀਆਂ ਵਾਲ਼ੇ ਪਰਿਵਾਰਾਂ ਦੀ ਗਿਣਤੀ | 361 (13.90) |
| ਤਿੰਨ ਪਰਵਾਸੀਆਂ ਵਾਲ਼ੇ ਪਰਿਵਾਰਾਂ ਦੀ ਗਿਣਤੀ | 75 (2.89) |
| ਚਾਰ ਪਰਵਾਸੀਆਂ ਵਾਲ਼ੇ ਪਰਿਵਾਰਾਂ ਦੀ ਗਿਣਤੀ | 11 (0.42) |
| ਉਹਨਾਂ ਪਰਿਵਾਰਾਂ ਦੀ ਗਿਣਤੀ ਜਿਹਨਾਂ ਦੇ ਸਾਰੇ ਵਿਆਕਤੀ ਪਰਵਾਸ ਕਰ ਗਏ | 353 (13.60) |

**ਸਰੋਤ:** ਫੀਲਡ ਸਰਵੇਖਣ, 2022
**ਨੋਟ:** ਬਰੈਕਟਾਂ ਵਿੱਚ ਦਿੱਤੇ ਗਏ ਅੰਕੜੇ ਪ੍ਰਤਿਸ਼ਤਤਾ ਨੂੰ ਦਰਸਾਉਂਦੇ ਹਨ।

ਸਾਰਨੀ 2 ਦੇ ਅੰਕੜੇ ਇਹਨਾਂ ਪਰਵਾਸੀਆਂ ਦੇ ਸਮਾਜਿਕ-ਆਰਥਿਕ ਪਿਛੋਕੜ ਨੂੰ ਉਜਾਗਰ ਕਰਦੇ ਹਨ। ਭਾਵੇਂ ਜਾਤੀ ਅਤੇ ਪਰਵਾਸ ਦਾ ਕੋਈ ਸਿੱਧਾ ਸੰਬੰਧ ਨਹੀਂ ਹੈ, ਪਰ ਅਸਿੱਧੇ ਤੌਰ ਉੱਤੇ ਇੱਕ ਦੂਜੇ ਨਾਲ਼ ਜੁੜੇ ਹੋਏ ਹਨ। ਪਰਵਾਸ ਉੱਤੇ ਜਾਤੀ ਦਾ ਪ੍ਰਭਾਵ ਪਰਿਵਾਰ ਦੀ ਆਰਥਿਕ ਸਥਿਤੀ ਵਿੱਚੋਂ ਪੈਦਾ ਹੁੰਦਾ ਹੈ। ਇਹ ਸਾਰਨੀ ਦਰਸਾਉਂਦੀ ਹੈ ਕਿ ਪਰਵਾਸੀਆਂ ਦਾ ਲਗਭਗ ਤਿੰਨ-ਚੌਥਾਈ ਹਿੱਸਾ, ਭਾਵ 74.53 ਪ੍ਰਤਿਸ਼ਤ ਜਨਰਲ ਵਰਗ ਨਾਲ਼ ਸੰਬੰਧਿਤ ਹੈ, ਜਦੋਂ ਕਿ 15.46 ਪ੍ਰਤਿਸ਼ਤ ਅਨੁਸੂਚਿਤ ਜਾਤੀਆਂ ਅਤੇ ਬਾਕੀ 10.01 ਪ੍ਰਤਿਸ਼ਤ ਪੱਛੜੀਆਂ ਸ਼੍ਰੇਣੀਆਂ ਨਾਲ਼ ਸੰਬੰਧਿਤ ਹੈ। ਫੀਲਡ ਸਰਵੇਖਣ ਤੋਂ ਇਹ ਦੇਖਿਆ ਗਿਆ ਕਿ ਪੇਂਡੂ ਪੰਜਾਬ ਤੋਂ ਜ਼ਿਆਦਾਤਰ ਕੌਮਾਂਤਰੀ ਪਰਵਾਸੀ ਜੱਟ ਜਾਤੀ ਨਾਲ਼ ਸੰਬੰਧਿਤ ਪਾਏ ਗਏ। ਕੈਨੇਡਾ ਵਿੱਚ ਪੰਜਾਬੀਆਂ ਬਾਰੇ ਜੱਜ (2012) ਦੁਆਰਾ ਕੀਤੇ ਗਏ ਇੱਕ ਹੋਰ ਅਧਿਐਨ ਦੁਆਰਾ ਵੀ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਸੀ ਕਿ ਇੰਟਰਵਿਊ ਕੀਤੇ ਗਏ 40 ਪੰਜਾਬੀਆਂ ਵਿੱਚੋਂ 31 ਜੱਟ ਸਿੱਖ ਜਾਤੀ ਨਾਲ਼ ਸੰਬੰਧਿਤ ਸਨ।

ਸਾਰਨੀ 2
ਪਰਵਾਸੀਆਂ ਦਾ ਸਮਾਜਿਕ-ਆਰਥਿਕ ਪਿਛੋਕੜ

| ਵਰਨਣ | ਪਰਵਾਸੀਆਂ ਦੀ ਗਿਣਤੀ | ਪ੍ਰਤਿਸ਼ਤ |
|---|---|---|
| **ਸ਼੍ਰੇਣੀ** | | |
| ਜਨਰਲ | 2078 | 74.53 |
| ਅਨੁਸੂਚਿਤ ਜਾਤੀਆਂ | 431 | 15.46 |
| ਪੱਛੜੀਆਂ ਸ਼੍ਰੇਣੀਆਂ | 279 | 10.01 |
| **ਕੁੱਲ** | **2788** | **100.00** |
| **ਪਰਿਵਾਰਾਂ ਦੀ ਕਿਸਮ** | | |
| ਸਾਂਝੇ ਪਰਿਵਾਰ | 627 | 22.49 |
| ਇੱਕਹਿਰੇ ਪਰਿਵਾਰ | 2161 | 77.51 |
| **ਕੁੱਲ** | **2755** | **100.00** |
| **ਲਿੰਗ ਆਧਾਰਿਤ ਵੰਡ** | | |
| ਮਰਦ | 2157 | 77.37 |
| ਔਰਤ | 631 | 22.63 |
| **ਕੁੱਲ** | **2788** | **100.00** |
| **ਵਿੱਦਿਅਕ ਯੋਗਤਾ** | | |
| ਅਨਪੜ੍ਹ | 22 | 0.79 |
| ਪ੍ਰਾਇਮਰੀ | 50 | 1.79 |
| ਮਡਲ | 61 | 2.19 |
| ਮੈਟ੍ਰਿਕ | 292 | 10.47 |
| ਸੀਨੀਅਰ ਸੈਕੰਡਰੀ | 1786 | 64.06 |
| ਡਿਪਲੋਮਾ | 42 | 1.51 |
| ਗ੍ਰੈਜੂਏਸ਼ਨ | 418 | 14.99 |
| ਪੋਸਟ-ਗ੍ਰੈਜੂਏਸ਼ਨ | 105 | 3.77 |
| ਨਰਸਿੰਗ/ਜੀ.ਐੱਨ.ਐੱਮ./ਬੀ.ਡੀ.ਐੱਸ. | 12 | 0.43 |
| **ਕੁੱਲ** | **2788** | **100.00** |
| **ਉਮਰ (ਸਾਲਾਂ ਵਿੱਚ)** | | |
| 15 ਤੋਂ ਘੱਟ | 7 | 0.25 |
| 15-20 | 1102 | 39.53 |
| 20-25 | 734 | 26.33 |
| 25-30 | 512 | 18.36 |
| 30-35 | 187 | 6.71 |
| 35-40 | 116 | 4.16 |
| 40-45 | 53 | 1.90 |
| 45 ਜਾਂ ਵੱਧ | 77 | 2.76 |
| **ਕੁੱਲ** | **2788** | **100.00** |
| **ਫਾਰਮ ਦਾ ਆਕਾਰ (ਏਕੜਾਂ ਵਿੱਚ)** | | |
| ਭੂਮੀਹੀਣ | 605 | 21.70 |
| 2.50 ਤੱਕ | 502 | 18.01 |
| 2.51-5.00 | 803 | 28.80 |

| | | |
|---|---|---|
| 5.01-7.50 | 250 | 8.97 |
| 7.51-10.00 | 306 | 10.98 |
| 10.00 ਤੋਂ ਵੱਧ | 322 | 11.54 |
| **ਕੁੱਲ** | **2788** | **100.00** |

**ਸਰੋਤ:** ਫੀਲਡ ਸਰਵੇਖਣ, 2022

ਭਾਰਤੀ ਸਮਾਜ ਸਾਂਝੇ ਪਰਿਵਾਰਾਂ ਦਾ ਸਮਾਜ ਹੈ। ਇਹ ਵਿਸ਼ੇਸ਼ਤਾ ਭਾਵੇਂ ਸ਼ਹਿਰੀ ਖੇਤਰਾਂ ਵਿੱਚੋਂ ਅਲੋਪ ਹੋ ਰਹੀ ਹੈ, ਪਰ ਇਸ ਦੀਆਂ ਜੜ੍ਹਾਂ ਭਾਰਤ ਦੇ ਪੇਂਡੂ ਖੇਤਰਾਂ ਵਿੱਚ ਬਰਕਰਾਰ ਹਨ। ਪੰਜਾਬ ਆਪਣੀ ਖੇਤੀਬਾੜੀ ਸਦਕਾ ਵਿਆਪਕ ਤੌਰ ਉੱਤੇ ਖੁਸ਼ਹਾਲ ਹੋਇਆ ਜਿਸ ਨੇ ਪੇਂਡੂ ਖੇਤਰਾਂ ਵਿੱਚ ਮੌਜੂਦ ਸਾਂਝੇ ਪਰਿਵਾਰ ਪ੍ਰਣਾਲੀ ਤੋਂ ਆਪਣੀ ਤਾਕਤ ਹਾਸਿਲ ਕੀਤੀ। ਹਾਲਾਂ ਕਿ, ਸਮਾਜਿਕ-ਆਰਥਿਕ ਜ਼ਰੂਰਤਾਂ ਵਿੱਚ ਤਬਦੀਲੀ ਦੇ ਨਾਲ਼ ਜ਼ਮੀਨੀ ਵੰਡ ਹੋਈ ਅਤੇ ਇੱਕਹਿਰੇ ਪਰਿਵਾਰ ਪ੍ਰਣਾਲੀ ਪੇਂਡੂ ਖੇਤਰਾਂ ਵਿੱਚ ਵੀ ਜ਼ੋਰ ਫੜ ਰਹੀ ਹੈ। ਮੌਜੂਦਾ ਅਧਿਐਨ ਵਿੱਚ ਜ਼ਿਆਦਾਤਰ (77.51 ਪ੍ਰਤਿਸ਼ਤ) ਪਰਵਾਸੀ ਇੱਕਹਿਰੇ ਪਰਿਵਾਰਾਂ ਵਿੱਚ ਰਹਿ ਰਹੇ ਸਨ, ਜਦੋਂ ਕਿ ਬਾਕੀ 22.49 ਪ੍ਰਤਿਸ਼ਤ ਸਾਂਝੇ ਪਰਿਵਾਰ ਪ੍ਰਣਾਲੀ ਨਾਲ਼ ਸੰਬੰਧਿਤ ਸਨ।

ਪਰਵਾਸੀਆਂ ਦੀ ਲਿੰਗ-ਅਧਾਰਿਤ ਵੰਡ ਦਰਸਾਉਂਦੀ ਹੈ ਕਿ 2788 ਪਰਵਾਸੀਆਂ ਵਿੱਚੋਂ, 2157 (77.37 ਪ੍ਰਤਿਸ਼ਤ) ਮਰਦ ਅਤੇ ਬਾਕੀ 631 (22.63 ਪ੍ਰਤਿਸ਼ਤ) ਔਰਤਾਂ ਸਨ। ਪਰਵਾਸ ਵਿੱਚ ਪੁਰਸ਼ਾਂ ਦਾ ਉੱਚ ਅਨੁਪਾਤ ਇਸ ਤੱਥ ਨੂੰ ਮਜ਼ਬੂਤ ਕਰਦਾ ਹੈ ਕਿ ਸਮਕਾਲੀ ਸੰਸਾਰ ਵਿੱਚ, ਜਿੱਥੇ ਦੋਨਾਂ ਲਿੰਗਾਂ ਲਈ ਲਗਭਗ ਬਰਾਬਰ ਪੱਧਰ ਦੀ ਸਿੱਖਿਆ ਪ੍ਰਦਾਨ ਕੀਤੀ ਜਾਂਦੀ ਹੈ, ਮਰਦਾਂ ਨੂੰ ਆਪਣੇ ਪਰਿਵਾਰ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਦੀ ਜ਼ਿੰਮੇਵਾਰੀ ਦਿੱਤੀ ਜਾਂਦੀ ਹੈ। ਇਹ ਧਿਆਨ ਦੇਣ ਯੋਗ ਹੈ ਕਿ ਕੁੱਲ ਸਰਵੇਖਣ ਕੀਤੀ ਪਰਵਾਸੀ ਆਬਾਦੀ ਵਿੱਚ ਔਰਤਾਂ ਦਾ ਵੀ ਮਹੱਤਵਪੂਰਨ ਅਨੁਪਾਤ (22.63 ਪ੍ਰਤਿਸ਼ਤ) ਹੈ। ਪੰਜਾਬ ਤੋਂ ਔਰਤਾਂ ਦਾ ਕੌਮਾਂਤਰੀ ਪਰਵਾਸ ਮੁੱਖ ਤੌਰ ਉੱਤੇ ਵਿਆਹ ਕੇਂਦਰਿਤ ਰਹੀ ਹੈ ਜਿੱਥੇ ਲੜਕੀਆਂ ਇੱਕ ਜੀਵਨ ਸਾਥੀ ਦੇ ਰੂਪ ਵਿੱਚ ਕੌਮਾਂਤਰੀ ਸਥਾਨਾਂ ਉੱਤੇ ਜਾਂਦੀਆਂ ਹਨ। ਉਂਜ, ਅਜੋਕੇ ਪੰਜਾਬ ਵਿੱਚ ਸਥਿਤੀ ਪੂਰੀ ਤਰ੍ਹਾਂ ਬਦਲ ਗਈ ਹੈ ਕਿਉਂਕਿ ਜਿਹੜੀਆਂ ਕੁੜੀਆਂ ਪੜ੍ਹੀਆਂ-ਲਿਖੀਆਂ ਹਨ ਅਤੇ ਅੰਗਰੇਜ਼ੀ ਭਾਸ਼ਾ ਦੀ ਮੁਹਾਰਤ ਵਿੱਚ ਉੱਚ ਬੈਂਡ ਪ੍ਰਾਪਤ ਕਰਦੀਆਂ ਹਨ, ਉਹਨਾਂ ਨੂੰ ਕੌਮਾਂਤਰੀ ਪਰਵਾਸ ਲਈ ਪੌੜੀ ਮੰਨਿਆ ਜਾਂਦਾ ਹੈ। ਜਿਹੜੇ ਅਮੀਰ ਪਰਿਵਾਰਾਂ ਦੇ ਲੜਕੇ ਵਿਦੇਸ ਜਾਣ ਲਈ ਅੰਗਰੇਜ਼ੀ ਭਾਸ਼ਾ ਦੀ ਪ੍ਰੀਖਿਆ ਪਾਸ ਨਹੀਂ ਕਰ ਪਾਉਂਦੇ, ਉਹ ਇਹਨਾਂ ਕੁੜੀਆਂ ਦੇ ਪਰਿਵਾਰਾਂ ਨੂੰ ਲੁਭਾਉਂਦੇ ਹਨ ਅਤੇ ਉਹਨਾਂ ਦੇ ਵਿਆਹ ਤੋਂ ਬਾਅਦ, ਉਹ ਆਪਣੀ ਨੂੰਹ ਦੀ ਕੌਮਾਂਤਰੀ ਯਾਤਰਾ, ਖ਼ਰਚੇ ਅਤੇ ਪੜ੍ਹਾਈ ਨੂੰ ਸਪਾਂਸਰ ਕਰਦੇ ਹਨ। ਇਹ ਕੁੜੀਆਂ ਬਾਅਦ ਵਿੱਚ ਸਪਾਊਸ ਵੀਜ਼ੇ ਉੱਤੇ ਆਪਣੇ ਪਤੀਆਂ ਨੂੰ ਬੁਲਾਉਂਦੀਆਂ ਹਨ ਅਤੇ ਸਮਾਂ ਬੀਤਣ ਦੇ ਨਾਲ਼, ਉਹ ਮੰਜ਼ਿਲ ਵਾਲ਼ੇ ਦੇਸ ਦੀ ਨਾਗਰਿਕਤਾ ਪ੍ਰਾਪਤ ਕਰਨ ਲਈ ਇਕੱਠੇ ਕੰਮ ਕਰਦੇ ਹਨ ਅਤੇ ਫਿਰ ਉਹ ਆਪਣੇ ਪੂਰੇ ਪਰਿਵਾਰ ਲਈ ਇਮੀਗ੍ਰੇਸ਼ਨ ਦੀ ਟਿਕਟ ਬਣ ਜਾਂਦੀਆਂ ਹਨ।

ਸਿੱਖਿਆ ਅਤੇ ਪਰਵਾਸ ਦਾ ਇੱਕ ਦੂਜੇ ਨਾਲ਼ ਇੱਕ ਮਜ਼ਬੂਤ ਰਿਸ਼ਤਾ ਹੈ ਕਿਉਂਕਿ ਬਿਹਤਰ ਪੜ੍ਹੇ-ਲਿਖੇ ਵਿਅਕਤੀਆਂ ਦੇ ਪਰਵਾਸ ਵਾਲ਼ੀ ਜਗ੍ਹਾ ਦੇ ਸਮਾਜਿਕ-ਆਰਥਿਕ ਵਾਤਾਵਰਨ ਵਿੱਚ ਲੀਨ ਹੋਣ ਦੀ ਵਧੇਰੇ ਸੰਭਾਵਨਾ ਹੁੰਦੀ ਹੈ (ਬ੍ਰਾਊਨ, 2017)। ਉੱਚ-ਸਿੱਖਿਆ ਪ੍ਰਾਪਤ ਵਿਅਕਤੀਆਂ ਦੇ ਪਰਵਾਸ ਨੂੰ 'ਬੌਧਿਕ ਹੂੰਝਾ' ਕਿਹਾ ਜਾਂਦਾ ਹੈ ਕਿਉਂਕਿ ਪਰਵਾਸੀ ਉੱਚ-ਸਿੱਖਿਆ ਹਾਸਿਲ ਕਰਨ ਤੋਂ ਬਾਅਦ ਆਪਣੀਆਂ ਸੇਵਾਵਾਂ ਵਿਦੇਸਾਂ ਵਿੱਚ ਦਿੰਦੇ ਹਨ। ਵਿਦੇਸ ਜਾਣ ਤੋਂ ਪਹਿਲਾਂ ਪਰਵਾਸੀਆਂ ਦੀ ਵਿੱਦਿਅਕ ਯੋਗਤਾ ਦਾ ਅਧਿਐਨ ਦਰਸਾਉਂਦਾ ਹੈ ਕਿ ਕੁੱਲ 2788 ਪਰਵਾਸੀਆਂ ਵਿੱਚੋਂ, ਲਗਭਗ ਦੋ-ਤਿਹਾਈ (64.06 ਪ੍ਰਤਿਸ਼ਤ) ਨੇ ਸੀਨੀਅਰ ਸੈਕੰਡਰੀ ਪੱਧਰ ਦੀ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਵਿਦੇਸਾਂ ਵਿੱਚ ਪਰਵਾਸ ਕੀਤਾ। ਤਕਰੀਬਨ 15 ਪ੍ਰਤਿਸ਼ਤ ਨੇ ਆਪਣੀ ਗ੍ਰੈਜੂਏਸ਼ਨ, ਜਦੋਂ ਕਿ 10.47 ਪ੍ਰਤਿਸ਼ਤ ਨੇ ਮੈਟ੍ਰਿਕ ਕਰਨ ਤੋਂ ਬਾਅਦ ਵਿਦੇਸਾਂ ਵਿੱਚ ਪਰਵਾਸ ਕੀਤਾ। ਪਰਵਾਸੀਆਂ ਦੇ ਥੋੜ੍ਹੇ ਜਿਹੇ ਅਨੁਪਾਤ (3.77 ਪ੍ਰਤਿਸ਼ਤ) ਕੋਲ਼ ਪਰਵਾਸ ਦੇ ਸਮੇਂ ਪੋਸਟ-ਗ੍ਰੈਜੂਏਟ ਦੀ ਯੋਗਤਾ ਸੀ। ਇਹ ਵਿਸ਼ਲੇਸ਼ਣ ਸਪੱਸ਼ਟ ਤੌਰ ਉੱਤੇ ਉਜਾਗਰ ਕਰਦਾ ਹੈ ਕਿ

ਉੱਚ-ਵਿੱਦਿਅਕ ਪੱਧਰ ਵਾਲ਼ੇ ਲੋਕ ਵੀ ਵਿਦੇਸਾਂ ਵਿੱਚ ਵੱਸਣ ਨੂੰ ਇੱਕ ਬਿਹਤਰ ਵਿਕਲਪ ਸਮਝਦੇ ਹਨ। ਇਸ ਤੋਂ ਇਲਾਵਾ, ਪਰਵਾਸੀਆਂ ਦੇ ਬਹੁਤ ਥੋੜ੍ਹੇ ਜਿਹੇ ਅਨੁਪਾਤ ਕੋਲ਼ ਪਰਵਾਸ ਦੇ ਸਮੇਂ ਡਿਪਲੋਮਾ ਜਾਂ ਨਰਸਿੰਗ/ਜੀ.ਐੱਨ.ਐੱਮ./ਬੀ.ਡੀ.ਐੱਸ. ਦੀ ਡਿਗਰੀ ਸੀ। ਇੱਥੇ ਇਹ ਧਿਆਨ ਦੇਣ ਯੋਗ ਹੈ ਕਿ ਸਿੱਖਿਆ ਦੇ ਨੀਵੇਂ ਪੱਧਰ ਵਾਲ਼ੇ ਪਰਵਾਸੀ ਜਾਂ ਤਾਂ ਬਜ਼ੁਰਗ ਸਨ ਜਿਹਨਾਂ ਨੇ ਆਪਣੇ ਪਰਿਵਾਰਾਂ ਸਮੇਤ ਪਰਵਾਸ ਕੀਤਾ ਜਾਂ ਉਹ ਵਿਅਕਤੀ ਸਨ ਜਿਹਨਾਂ ਨੇ ਵਰਕ ਵੀਜ਼ੇ ਉੱਤੇ ਏਸ਼ੀਆ ਮਹਾਦੀਪ ਦੇ ਵਿਕਾਸਸ਼ੀਲ ਦੇਸਾਂ ਵਿੱਚ ਪਰਵਾਸ ਕੀਤਾ।

ਉਮਰ ਅਤੇ ਪਰਵਾਸ ਵਿੱਚ ਗੂੜ੍ਹਾ ਸੰਬੰਧ ਹੈ ਕਿਉਂਕਿ ਪਰਵਾਸ ਦਾ ਫ਼ੈਸਲਾ ਮੁੱਖ ਤੌਰ ਉੱਤੇ ਨੌਜਵਾਨ ਅਤੇ ਪਰਿਪੱਕ ਉਮਰ ਦੇ ਵਿਅਕਤੀਆਂ ਦੁਆਰਾ ਲਿਆ ਜਾਂਦਾ ਹੈ। ਇਹ ਮੂਲ ਰੂਪ ਵਿੱਚ ਇਸ ਲਈ ਹੈ ਕਿਉਂਕਿ ਪਰਵਾਸ ਇੱਕ ਜੋਖਮ ਭਰਿਆ ਕਦਮ ਹੈ ਜਿਸ ਵਿੱਚ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਇਹ ਕਈਆਂ ਨੂੰ ਚੰਗੇ ਅਵਸਰ ਵੀ ਪ੍ਰਦਾਨ ਕਰਦਾ ਹੈ।ਨੌਜਵਾਨ ਅਤੇ ਪਰਿਪੱਕ ਉਮਰ ਦੇ ਵਿਅਕਤੀ ਇਹਨਾਂ ਚੁਣੌਤੀਆਂ ਨੂੰ ਸਹਿਣ ਕਰਨ ਅਤੇ ਪਰਵਾਸ ਦੀ ਪ੍ਰਕਿਰਿਆ ਦੁਆਰਾ ਮੁਹੱਈਆ ਕਰਵਾਏ ਜਾਣ ਵਾਲ਼ੇ ਮੌਕਿਆਂ ਦਾ ਲਾਭ ਲੈਣ ਲਈ ਵਿਦੇਸ ਜਾਣ ਲਈ ਕਾਹਲ਼ੇ ਪਏ ਰਹਿੰਦੇ ਹਨ। ਪਰਵਾਸ ਕਰਨ ਵੇਲ਼ੇ ਬਹੁਤ ਜ਼ਿਆਦਾ ਪਰਵਾਸੀ (96.99 ਪ੍ਰਤਿਸ਼ਤ) 15 ਤੋਂ 45 ਸਾਲ ਦੀ ਉਮਰ ਸਮੂਹ ਨਾਲ਼ ਸੰਬੰਧਿਤ ਸਨ। ਕੁੱਲ ਪਰਵਾਸੀਆਂ ਵਿੱਚੋਂ, 84.22 ਪ੍ਰਤਿਸ਼ਤ ਦੀ ਉਮਰ 15 ਤੋਂ 30 ਸਾਲ ਦੀ ਸੀ। ਜਨਸੰਖਿਕ ਲਾਭਅੰਸ਼ ਆਰਥਿਕ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। 15 ਤੋਂ 30 ਸਾਲ ਦੀ ਉਮਰ ਵਰਗ ਦੇ ਵਿਅਕਤੀਆਂ ਦਾ ਵਿਦੇਸਾਂ ਵਿੱਚ ਪਰਵਾਸ ਇਸ ਤੱਥ ਨੂੰ ਸਪਸ਼ੱਟ ਰੂਪ ਵਿੱਚ ਉਜਾਗਰ ਕਰਦਾ ਹੈ ਕਿ ਇਸ ਨਾਲ਼ ਜਨਸੰਖਿਕ ਲਾਭਅੰਸ਼ ਦਾ ਪੰਜਾਬ ਸਮੇਤ ਭਾਰਤ ਨੂੰ ਬਹੁਤ ਵੱਡਾ ਨੁਕਸਾਨ ਹੋਵੇਗਾ। ਇਹ ਨਤੀਜਾ ਇਸ ਧਾਰਨਾ ਦੀ ਪ੍ਰੋੜਤਾ ਕਰਦਾ ਹੈ ਕਿ ਆਮ ਤੌਰ ਉੱਤੇ ਪਰਵਾਸ ਅਤੇ ਖ਼ਾਸ ਤੌਰ ਉੱਤੇ ਕੌਮਾਂਤਰੀ ਪਰਵਾਸ ਇੱਕ ਨੌਜਵਾਨ-ਕੇਂਦਰਿਤ ਵਰਤਾਰਾ ਹੈ। ਮੌਜੂਦਾ ਅਧਿਐਨ ਦਾ ਇਹ ਖੋਜ ਨਤੀਜਾ ਸਮਿਤਾ ਬਹਿਲ (2017) ਦੁਆਰਾ ਕਰਵਾਏ ਗਏ ਇੱਕ ਹੋਰ ਖੋਜ ਅਧਿਐਨ ਨਾਲ਼ ਮੇਲ ਖਾਂਦਾ ਹੈ ਜਿਸ ਤੋਂ ਪਤਾ ਲੱਗਿਆ ਹੈ ਕਿ ਪਰਵਾਸ ਦੇ ਸਮੇਂ ਲਗਭਗ 78 ਪ੍ਰਤਿਸ਼ਤ ਪਰਵਾਸੀ 30 ਸਾਲ ਜਾਂ ਇਸ ਤੋਂ ਘੱਟ ਉਮਰ ਦੇ ਸਨ। ਛੋਟੀ ਉਮਰ ਵਿੱਚ ਨੌਜਵਾਨਾਂ ਦਾ ਵਿਦੇਸਾਂ ਵਿੱਚ ਪਰਵਾਸ ਕਰਨਾ ਇਹ ਦਰਸਾਉਂਦਾ ਹੈ ਕਿ ਇਹ ਨੌਜਵਾਨ ਕੌਮਾਂਤਰੀ ਬਾਜ਼ਾਰਾਂ ਵਿੱਚ ਲੰਮੇ ਸਮੇਂ ਲਈ ਕੰਮ ਕਰ ਸਕਦੇ ਹਨ। ਕੌਮਾਂਤਰੀ ਬਾਜ਼ਾਰ ਅਕੁਸ਼ਲ ਨੌਜਵਾਨਾਂ ਨੂੰ ਆਸਾਨੀ ਨਾਲ਼ ਨੌਕਰੀ ਦੇ ਮੌਕੇ ਪ੍ਰਦਾਨ ਕਰ ਕੇ ਬਹੁਤ ਵਾਰ ਉਹਨਾਂ ਦਾ ਸ਼ੋਸ਼ਣ ਕਰਦਾ ਹੈ। ਇਹ ਉਮਰ ਵਰਗ ਦੇਸ ਦੇ ਵਿਕਾਸ ਲਈ ਨਵੇਂ ਵਿਚਾਰਾਂ ਵਾਲ਼ਾ ਸਭ ਤੋਂ ਵੱਧ ਜੋਸ਼ੀਲਾ ਅਤੇ ਪ੍ਰਤਿਭਾਵਾਨ ਮੰਨਿਆ ਜਾਂਦਾ ਹੈ। ਇੱਕ ਹੋਰ ਅਧਿਐਨ ਵੀ ਇਸ ਤੱਥ ਨੂੰ ਉਜਾਗਰ ਕਰਦਾ ਹੈ ਕਿ ਨੌਜਵਾਨ ਪੀੜ੍ਹੀ ਦਾ ਪਰਵਾਸ ਮਨੁੱਖੀ ਸਰੋਤਾਂ ਦਾ ਇੱਕ ਵੱਡਾ ਨੁਕਸਾਨ ਹੈ, ਜਿਸ ਦਾ ਸਿੱਧਾ ਲਾਭ ਉਹਨਾਂ ਦੇਸਾਂ ਨੂੰ ਹੁੰਦਾ ਹੈ ਜਿਹਨਾਂ ਨੇ ਉਹਨਾਂ ਨੂੰ ਸਿੱਖਿਅਤ ਕਰਨ ਦੀ ਕੀਮਤ ਨਹੀਂ ਦਿੱਤੀ ਹੁੰਦੀ। ਕਿਸੇ ਵੀ ਦੇਸ ਦੇ ਨੌਜਵਾਨ ਸਭ ਤੋਂ ਮੁੱਲਵਾਨ ਸਰੋਤ ਹੁੰਦੇ ਹਨ ਕਿਉਂਕਿ ਉਹਨਾਂ ਦੀ ਪੜ੍ਹਾਈ ਅਤੇ ਸਿਖਲਾਈ ਉੱਤੇ ਸਮਾਂ ਅਤੇ ਹੋਰ ਪਦਾਰਥਕ ਲਾਗਤ ਪੈਂਦੀ ਹੈ, ਪਰ ਰੁਜ਼ਗਾਰ ਦੇ ਮੌਕਿਆਂ ਦੀ ਘਾਟ ਕਾਰਨ ਉਹਨਾਂ ਨੂੰ ਵਿਦੇਸ ਜਾਣਾ ਪੈਂਦਾ ਹੈ (ਦੋਦਾਨੀ ਅਤੇ ਲੈਪੋਰਟੇ, 2005)।

ਸਾਰਨੀ 2 ਵਿੱਚ ਦਿੱਤੇ ਗਏ ਕੌਮਾਂਤਰੀ ਪਰਵਾਸੀਆਂ ਦੇ ਪਰਿਵਾਰਾਂ ਦੀਆਂ ਜ਼ਮੀਨਾਂ ਦੇ ਵੇਰਵੇ ਦੱਸਦੇ ਹਨ ਕਿ ਪੇਂਡੂ ਪੰਜਾਬ ਦੇ ਪਰਵਾਸੀਆਂ ਦੇ ਕੁੱਲ ਪਰਿਵਾਰਾਂ ਵਿੱਚੋਂ, ਸਭ ਤੋਂ ਵੱਧ ਪਰਿਵਾਰਾਂ (28.80 ਪ੍ਰਤਿਸ਼ਤ) ਕੋਲ਼ 2.51 ਤੋਂ 5.00 ਏਕੜ ਤੱਕ ਜ਼ਮੀਨੀ ਜਾਇਦਾਦ ਸੀ। ਲਗਭਗ 18 ਪ੍ਰਤਿਸ਼ਤ ਪਰਿਵਾਰਾਂ ਕੋਲ਼ 2.50 ਏਕੜ ਤੱਕ ਜ਼ਮੀਨ ਸੀ। ਇਸ ਤੋਂ ਬਾਅਦ 11.54, 10.98 ਅਤੇ 8.97 ਪ੍ਰਤਿਸ਼ਤ ਪਰਵਾਸੀਆਂ ਦੇ ਪਰਿਵਾਰਾਂ ਦਾ ਨੰਬਰ ਆਉਂਦਾ ਹੈ, ਜਿਹਨਾਂ ਕੋਲ਼ ਕ੍ਰਮਵਾਰ 10 ਏਕੜ ਤੋਂ ਵੱਧ, 7.51 ਤੋਂ 10.00 ਏਕੜ, ਅਤੇ 5.01 ਤੋਂ 7.50 ਏਕੜ ਦੇ ਦਾਇਰੇ ਵਿੱਚ ਜ਼ਮੀਨਾਂ ਸਨ। ਕੁੱਲ ਪਰਿਵਾਰਾਂ ਵਿੱਚੋਂ 21.63 ਪ੍ਰਤਿਸ਼ਤ ਪਰਵਾਸੀਆਂ ਕੋਲ਼ ਖੇਤੀਬਾੜੀ ਲਈ ਕੋਈ ਜ਼ਮੀਨ ਨਹੀਂ ਸੀ ।

ਸਾਰਨੀ 3 ਪੇਂਡੂ ਪੰਜਾਬ ਦੇ ਕੌਮਾਂਤਰੀ ਪਰਵਾਸੀਆਂ ਦੇ ਮੰਜ਼ਿਲ ਵਾਲ਼ੇ ਦੇਸਾਂ ਬਾਰੇ ਜਾਣਕਾਰੀ ਨੂੰ ਦਰਸਾਉਂਦੀ ਹੈ। ਇਸ ਸਾਰਨੀ ਤੋਂ ਪਤਾ ਲੱਗਦਾ ਹੈ ਕਿ ਮੰਜ਼ਿਲ ਵਾਲ਼ੇ ਦੇਸਾਂ ਦੀ ਸੂਚੀ ਭਾਵੇਂ ਲੰਮੀ ਹੈ, ਪਰ ਕੌਮਾਂਤਰੀ ਪਰਵਾਸੀਆਂ

ਦੁਆਰਾ ਸਭ ਤੋਂ ਜ਼ਿਆਦਾ ਤਰਜੀਹ ਵਾਲ਼ੇ ਦੇਸ- ਕੈਨੇਡਾ, ਯੂ.ਏ.ਈ., ਅਸਟਰੇਲੀਆ, ਯੂ.ਕੇ., ਯੂ.ਐੱਸ.ਏ., ਇਟਲੀ, ਅਤੇ ਨਿਊਜ਼ੀਲੈਂਡ ਹਨ, ਜਿੱਥੇ ਪੇਂਡੂ ਪੰਜਾਬ ਦੇ ਸਰਵੇਖਣ ਕੀਤੇ ਗਏ ਪਰਿਵਾਰਾਂ ਵਿੱਚੋਂ 1068, 290, 281, 229, 215, 131, ਅਤੇ 92 ਵਿਅਕਤੀਆਂ ਨੇ ਪਰਵਾਸ ਕੀਤਾ। ਮੌਜੂਦਾ ਖੋਜ ਅਧਿਐਨ ਦਾ ਇਹ ਨਤੀਜਾ ਇੱਕ ਹੋਰ ਖੋਜ ਅਧਿਐਨ (ਕਪੂਰੀਆ ਅਤੇ ਬੀਰਵਾਲ, 2017) ਨਾਲ਼ ਮੇਲ ਖਾਂਦਾ ਹੈ ਜੋ ਦਰਸਾਉਂਦਾ ਹੈ ਕਿ ਪੰਜਾਬ ਤੋਂ ਪਰਵਾਸ ਜ਼ਿਆਦਾਤਰ ਪੱਛਮ ਦੇ ਵਿਕਸਿਤ ਦੇਸਾਂ ਵੱਲ ਹੋ ਰਿਹਾ ਹੈ। ਵਿਕਸਿਤ ਦੇਸਾਂ ਵਿੱਚੋਂ ਕੈਨੇਡੀਅਨ ਸਰਕਾਰ ਪਰਵਾਸੀਆਂ ਨੂੰ ਪੱਕੀ ਨਿਵਾਸਤਾ ਪ੍ਰਦਾਨ ਕਰਨ ਵਿੱਚ ਸਭ ਤੋਂ ਵੱਧ ਉਦਾਰ ਹੈ ਅਤੇ ਉਸ ਨੇ ਕੌਮਾਂਤਰੀ ਵਿਦਿਆਰਥੀਆਂ ਲਈ 200 ਦੇ ਕਰੀਬ ਕਾਲਜ ਖੋਲ੍ਹੇ ਹਨ, ਪੰਜਾਬੀ ਨੌਜਵਾਨ ਇਸ ਮੌਕੇ ਦਾ ਪੂਰਾ ਫ਼ਾਇਦਾ ਉੱਠਾ ਰਹੇ ਹਨ। ਇਸ ਸਾਲ ਸੂਬੇ ਦੇ ਲਗਭਗ 1.25 ਲੱਖ ਵਿਦਿਆਰਥੀਆਂ ਨੇ ਸਿੱਖਿਆ ਲਈ ਕੈਨੇਡਾ ਪਰਵਾਸ ਕੀਤਾ ਅਤੇ ਸਿਰਫ਼ 25 ਹਜ਼ਾਰ ਨੇ ਅਸਟਰੇਲੀਆ ਦੀ ਚੋਣ ਕੀਤੀ, ਜਦੋਂ ਕਿ ਨਿਊਜ਼ੀਲੈਂਡ, ਯੂ.ਐੱਸ.ਏ., ਅਤੇ ਯੂ.ਕੇ. ਨੇ ਇਸ ਸੰਬੰਧੀ ਕਾਨੂੰਨ ਅਤੇ ਨੀਤੀਆਂ ਬਹੁਤ ਸਖ਼ਤ ਕਰ ਲਈਆਂ ਹਨ (ਦਿ ਟ੍ਰਿਬਿਊਨ, 2018)।

ਇਹ ਸਾਰਨੀ ਅੱਗੇ ਦਰਸਾਉਂਦੀ ਹੈ ਕਿ ਜਨਰਲ ਸ਼੍ਰੇਣੀ ਵਿੱਚੋਂ, ਸਭ ਤੋਂ ਵੱਧ ਪੇਂਡੂ ਲੋਕਾਂ ਨੇ ਕੈਨੇਡਾ, ਆਸਟਰੇਲੀਆ, ਯੂ.ਕੇ., ਯੂ.ਐੱਸ.ਏ., ਯੂ.ਏ.ਈ., ਇਟਲੀ, ਅਤੇ ਨਿਊਜ਼ੀਲੈਂਡ ਦੇਸਾਂ ਵਿੱਚ ਪਰਵਾਸ ਕੀਤਾ। ਜਦੋਂ ਕਿ ਅਨੁਸੂਚਿਤ ਜਾਤੀਆਂ ਵਿੱਚ, ਯੂ.ਏ.ਈ., ਅਤੇ ਕੈਨੇਡਾ ਸਭ ਤੋਂ ਵੱਧ ਤਰਜ਼ੀਹ ਵਾਲ਼ੇ ਮੰਜ਼ਿਲ ਦੇਸ ਹਨ ਜਿੱਥੇ ਕ੍ਰਮਵਾਰ 139 ਅਤੇ 71 ਅਨੁਸੂਚਿਤ ਜਾਤੀਆਂ ਦੇ ਵਿਅਕਤੀਆਂ ਨੇ ਪਰਵਾਸ ਕੀਤਾ। ਪੱਛੜੀਆਂ ਸ਼੍ਰੇਣੀਆਂ ਦੇ ਸਭ ਤੋਂ ਵੱਧ 67 ਵਿਅਕਤੀਆਂ ਨੇ ਕੈਨੇਡਾ ਵਿਚ ਪਰਵਾਸ ਕੀਤਾ ਅਤੇ ਇਸ ਤੋਂ ਬਾਅਦ ਯੂ.ਏ.ਈ., ਯੂ.ਐੱਸ.ਏ., ਯੂ.ਕੇ., ਇਟਲੀ, ਅਸਟਰੇਲੀਆ, ਅਤੇ ਨਿਊਜ਼ੀਲੈਂਡ ਦੇਸਾਂ ਦਾ ਕ੍ਰਮ ਆਉਂਦਾ ਹੈ।

**ਸਾਰਨੀ 3**
**ਕੌਮਾਂਤਰੀ ਪਰਵਾਸ ਵਾਲ਼ੇ ਦੇਸਾਂ ਦਾ ਵੇਰਵਾ**

| ਦੇਸ ਦਾ ਨਾਂ | ਸ਼੍ਰੇਣੀ | | | ਕੁੱਲ |
|---|---|---|---|---|
| | ਜਨਰਲ | ਅਨੁਸੂਚਿਤ ਜਾਤੀ | ਪੱਛੜੀਆਂ ਸ਼੍ਰੇਣੀਆਂ | |
| ਕੈਨੇਡਾ | 930 | 71 | 67 | 1068 |
| ਯੂ.ਏ.ਈ. | 109 | 139 | 42 | 290 |
| ਅਸਟਰੇਲੀਆ | 249 | 15 | 17 | 281 |
| ਯੂ.ਕੇ. | 180 | 28 | 21 | 229 |
| ਯੂ.ਐੱਸ.ਏ. | 166 | 21 | 28 | 215 |
| ਇਟਲੀ | 88 | 24 | 19 | 131 |
| ਨਿਊਜ਼ੀਲੈਂਡ | 76 | 2 | 14 | 92 |
| ਕਤਰ | 35 | 25 | 8 | 68 |
| ਬਹਿਰੀਨ | 43 | 22 | 2 | 67 |
| ਜਰਮਨੀ | 45 | 1 | 11 | 57 |
| ਮਲੇਸ਼ੀਆ | 20 | 25 | 8 | 53 |
| ਫਿਲੀਪੀਨਜ਼ | 29 | 13 | 7 | 49 |
| ਸਪੇਨ | 24 | 3 | 9 | 36 |
| ਕੁਵੈਤ | 12 | 16 | 4 | 32 |
| ਪੁਰਤਗਾਲ | 20 | 4 | 6 | 30 |
| ਸਊਦੀ ਅਰਬ | 8 | 9 | 2 | 19 |
| ਫਰਾਂਸ | 7 | 1 | 6 | 14 |


| | | | | |
|---|---|---|---|---|
| ਸਾਈਪ੍ਰਸ | 10 | 3 | 0 | 13 |
| ਸਿੰਗਾਪੁਰ | 6 | 3 | 4 | 13 |
| ਗ੍ਰੀਸ | 7 | 2 | 1 | 10 |
| ਲੇਬਨਾਨ | 7 | 0 | 0 | 7 |
| ਮੈਕਸੀਕੋ | 1 | 2 | 1 | 4 |
| ਜਾਰਡਨ | 2 | 0 | 1 | 3 |
| ਸਵੀਡਨ | 1 | 1 | 1 | 3 |
| ਪੋਲੈਂਡ | 1 | 1 | 0 | 2 |
| ਦੱਖਣੀ ਅਫਰੀਕਾ | 2 | 0 | 0 | 2 |

**ਸਰੋਤ:** ਫੀਲਡ ਸਰਵੇਖਣ, 2022

ਚਿੱਤਰ 1 ਤੋਂ ਸਪੱਸ਼ਟ ਹੈ ਕਿ ਪੇਂਡੂ ਪੰਜਾਬ ਦੇ ਪਰਵਾਸੀਆਂ ਲਈ ਸਭ ਤੋਂ ਵੱਧ ਤਰਜੀਹੀ ਵਾਲ਼ਾ ਦੇਸ ਕੈਨੇਡਾ ਹੈ। ਉਸ ਤੋਂ ਬਾਅਦ ਯੂ.ਏ.ਈ., ਆਸਟ੍ਰੇਲੀਆ, ਯੂ.ਕੇ., ਯੂ.ਐੱਸ.ਏ., ਇਟਲੀ, ਅਤੇ ਨਿਊਜ਼ੀਲੈਂਡ ਆਦਿ ਹਨ।

**ਚਿੱਤਰ 1**

**ਕੌਮਾਂਤਰੀ ਪਰਵਾਸ ਵਾਲ਼ੇ ਦੇਸਾਂ ਦਾ ਵੇਰਵਾ**




**ਸਰੋਤ:** ਸਾਰਨੀ 3 ਉੱਤੇ ਆਧਾਰਿਤ।

ਸਾਰਨੀ 4 ਅਤੇ ਚਿੱਤਰ 2 ਤੋਂ ਇਹ ਪਤਾ ਲੱਗਦਾ ਹੈ ਕਿ ਪੇਂਡੂ ਪੰਜਾਬ ਦੇ ਕੁੱਲ 2788 ਪਰਵਾਸੀਆਂ ਵਿੱਚੋਂ, 2019 ਵਿੱਚ 16.61 ਪ੍ਰਤਿਸ਼ਤ, 2018 ਵਿੱਚ 13.95 ਪ੍ਰਤਿਸ਼ਤ, 2021 ਵਿੱਚ 13.45 ਪ੍ਰਤਿਸ਼ਤ, 2017 ਵਿੱਚ 9.86 ਪ੍ਰਤਿਸ਼ਤ, 2016 ਵਿੱਚ 6.96 ਪ੍ਰਤਿਸ਼ਤ, 2015 ਵਿੱਚ 6.10 ਪ੍ਰਤਿਸ਼ਤ, 2020 ਵਿੱਚ 5.34 ਪ੍ਰਤਿਸ਼ਤ ਅਤੇ ਹੋਰ ਸਾਲਾਂ ਵਿੱਚ 5 ਪ੍ਰਤਿਸ਼ਤ ਤੋਂ ਘੱਟ ਵਿਅਕਤੀਆਂ ਨੇ ਦੂਜੇ ਦੇਸਾਂ ਵਿੱਚ ਪਰਵਾਸ ਕੀਤਾ। ਇਹ ਅੰਕੜੇ ਸਪੱਸ਼ਟ ਤੌਰ ਉੱਤੇ ਇਸ ਤੱਥ ਨੂੰ ਉਜਾਗਰ ਕਰਦੇ ਹਨ ਕਿ ਪਰਵਾਸ ਦੀ ਪ੍ਰਕਿਰਿਆ ਵਿੱਚ 2014 ਤੋਂ ਬਾਅਦ ਤੇਜ਼ੀ ਆਈ ਹੈ। ਵਿਦਿਆਰਥੀਆਂ ਲਈ ਕੈਨੇਡੀਅਨ ਵੀਜ਼ਾ ਦੀ ਸਹੂਲਤ ਦੇਣ ਵਿੱਚ ਲੱਗੇ ਟਰੈਵਲ ਏਜੰਟਾਂ ਨੇ ਖੁਲਾਸਾ ਕੀਤਾ ਕਿ 2016 ਤੋਂ ਬਾਅਦ

ਕੌਮਾਂਤਰੀ ਪਰਵਾਸ ਵਿੱਚ ਬਹੁਤ ਤੇਜ਼ੀ ਆਈ ਹੈ, ਜਦੋਂ ਪੰਜਾਬ ਤੋਂ ਲਗਭਗ 75,000 ਵਿਦਿਆਰਥੀ ਕੈਨੇਡਾ ਦੇਸ ਗਏ ਸਨ (ਦਿ ਟ੍ਰਿਬਿਊਨ, 2018)। 2020 ਦੌਰਾਨ ਕੋਰੋਨਾਵਾਇਰਸ ਦੇ ਫੈਲਣ ਨੂੰ ਰੋਕਣ ਲਈ ਵੱਖ ਵੱਖ ਦੇਸਾਂ ਦੁਆਰਾ ਤਾਲਾਬੰਦੀ ਕੀਤੀ ਗਈ ਜਿਸ ਨੇ ਕੌਮਾਂਤਰੀ ਪਰਵਾਸ ਦੀ ਪ੍ਰਕਿਰਿਆ ਨੂੰ ਹੌਲੀ ਕੀਤਾ ਜੋ ਮੁੜ ਤੇਜ਼ੀ ਫੜ ਰਹੀ ਹੈ।


**ਸਾਰਨੀ 4**
**ਪਰਵਾਸ ਦੇ ਸਾਲ ਅਨੁਸਾਰ ਪਰਵਾਸੀਆਂ ਦੀ ਵੰਡ**

| ਪਰਵਾਸ ਦਾ ਸਾਲ | ਪਰਵਾਸੀਆਂ ਦੀ ਗਿਣਤੀ | ਪ੍ਰਤਿਸ਼ਤ |
|---|---|---|
| 2021 | 375 | 13.45 |
| 2020 | 149 | 5.34 |
| 2019 | 463 | 16.61 |
| 2018 | 389 | 13.95 |
| 2017 | 275 | 9.86 |
| 2016 | 194 | 6.96 |
| 2015 | 170 | 6.10 |
| 2014 | 111 | 3.98 |
| 2013 | 38 | 1.36 |
| 2012 | 105 | 3.77 |
| 2011 | 43 | 1.54 |
| 2010 | 107 | 3.84 |
| 2009 | 40 | 1.43 |
| 2008 | 58 | 2.08 |
| 2007 | 40 | 1.43 |
| 2006 | 16 | 0.57 |
| 2005 | 34 | 1.22 |
| 2004 | 11 | 0.39 |
| 2003 | 11 | 0.39 |
| 2002 | 27 | 0.98 |
| 2001 | 5 | 0.19 |
| 2000 ਜਾਂ ਪਹਿਲਾਂ | 127 | 4.56 |
| **ਕੁੱਲ** | **2788** | **100.00** |

**ਸਰੋਤ:** ਫੀਲਡ ਸਰਵੇਖਣ, 2022

**ਚਿੱਤਰ 2**

**ਪਰਵਾਸ ਦੇ ਸਾਲ ਅਨੁਸਾਰ ਪਰਵਾਸੀਆਂ ਦੀ ਵੰਡ**




**ਸਰੋਤ:** ਸਾਰਨੀ 4 ਉੱਤੇ ਆਧਾਰਿਤ।

ਵਿਦੇਸ਼ਾਂ ਵਿੱਚ ਪਰਵਾਸ ਦੀ ਕੋਸ਼ਿਸ਼ ਕਾਨੂੰਨੀ ਅਤੇ ਗ਼ੈਰ-ਕਾਨੂੰਨੀ ਦੋਵਾਂ ਢੰਗਾਂ ਦੁਆਰਾ ਕੀਤੀ ਜਾਂਦੀ ਹੈ। ਜਿੱਥੇ ਕਾਨੂੰਨੀ ਢੰਗ ਵਿੱਚ ਵਧੇਰੇ ਸਮਾਂ ਲੱਗਦਾ ਹੈ ਪਰ ਇਸ ਵਿੱਚ ਘੱਟ ਜੋਖਮ ਹੁੰਦਾ ਹੈ, ਉੱਥੇ ਦੂਜੇ ਪਾਸੇ ਗ਼ੈਰ-ਕਨੂੰਨੀ ਪਰਵਾਸ ਦੂਜੇ ਦੇਸ ਦੀ ਪ੍ਰਬੰਧਕੀ ਅਤੇ ਕਾਨੂੰਨੀ ਵਿਵਸਥਾ ਨੂੰ ਤੋੜ ਕੇ ਦੇਸ ਵਿੱਚ ਦਾਖ਼ਲ ਹੋਣ ਦੀ ਕੋਸ਼ਿਸ਼ ਹੈ, ਜੋ ਇੱਕ ਬਹੁਤ ਹੀ ਜੋਖਮ ਭਰਪੂਰ ਮਾਮਲਾ ਹੈ। ਸਾਰਨੀ 5 ਅਨੁਸਾਰ ਮੌਜੂਦਾ ਖੋਜ ਅਧਿਐਨ ਦਾ ਇੱਕ ਸਕਾਰਾਤਮਕ ਪਹਿਲੂ ਇਹ ਹੈ ਕਿ 98.53 ਪ੍ਰਤਿਸ਼ਤ ਮਾਮਲਿਆਂ ਵਿੱਚ ਪਰਵਾਸ ਦਾ ਢੰਗ ਕਾਨੂੰਨੀ ਹੈ, ਜਦੋਂ ਕਿ ਸਿਰਫ਼ 1.47 ਪ੍ਰਤਿਸ਼ਤ ਮਾਮਲਿਆਂ ਵਿੱਚ ਇਹ ਗ਼ੈਰ-ਕਾਨੂੰਨੀ ਹੈ। ਯੂ.ਐੱਨ.ਓ.ਡੀ.ਸੀ. (2009) ਦੀ ਇੱਕ ਰਿਪੋਰਟ ਵੀ ਇਹ ਖੁਲਾਸਾ ਕਰਦੀ ਹੈ ਕਿ ਦਲਾਲ-ਤਸਕਰ ਦੇ ਚੁੰਗਲ ਵਿੱਚ ਫਸ ਕੇ ਜ਼ਿਆਦਾਤਰ ਪੰਜਾਬੀ ਨੌਜਵਾਨ ਵਿਦੇਸ਼ਾਂ ਦੀ ਸਾਨੋ-ਸ਼ੌਕਤ ਦੇ ਪ੍ਰਭਾਵ ਹੇਠ ਗ਼ੈਰ-ਕਾਨੂੰਨੀ ਢੰਗ ਨਾਲ਼ ਪਰਵਾਸ ਕਰ ਜਾਂਦੇ ਹਨ ਜਿਸ ਕਾਰਨ ਉਹਨਾਂ ਨੂੰ ਸ਼ੋਸ਼ਣ ਦਾ ਸ਼ਿਕਾਰ ਹੋਣਾ ਪੈਂਦਾ ਹੈ। ਗੌੜ ਅਤੇ ਸਕਸੈਨਾ (2005) ਨੇ ਆਪਣੇ ਇੱਕ ਖੋਜ ਅਧਿਐਨ ਵਿੱਚ ਵੀ ਇਸੇ ਤਰ੍ਹਾਂ ਦਾ ਨਤੀਜਾ ਸਾਹਮਣੇ ਲਿਆਂਦਾ ਹੈ ਕਿ ਜਿੱਥੇ ਭਰਤੀ ਏਜੰਟਾਂ ਜਾਂ ਰੁਜ਼ਗਾਰਦਾਤਾਵਾਂ ਨੇ ਪਰਵਾਸੀਆਂ ਨੂੰ ਗ਼ੈਰ-ਕਾਨੂੰਨੀ ਤੌਰ ਉੱਤੇ ਪਾਇਆ ਹੈ, ਉੱਥੇ ਪਰਵਾਸੀਆਂ ਨੂੰ ਗੰਭੀਰ ਸ਼ੋਸ਼ਣ ਦਾ ਸ਼ਿਕਾਰ ਹੋਣਾ ਪਿਆ।

**ਸਾਰਨੀ 5**
**ਪਰਵਾਸ ਦੇ ਢੰਗ ਅਨੁਸਾਰ ਪਰਵਾਸੀਆਂ ਦੀ ਵੰਡ**

| ਪਰਵਾਸ ਦੇ ਢੰਗ | ਸ਼੍ਰੇਣੀ | | | ਕੁੱਲ |
|---|---|---|---|---|
| | ਜਨਰਲ | ਅਨੁਸੂਚਿਤ ਜਾਤੀ | ਪੱਛੜੀਆਂ ਸ਼੍ਰੇਣੀਆਂ | |
| ਕਨੂੰਨੀ | 2052 (98.75) | 429 (99.54) | 266 (95.34) | 2747 (98.53) |
| ਗ਼ੈਰ-ਕਨੂੰਨੀ | 26 (1.25) | 2 (0.46) | 13 (4.66) | 41 (1.47) |
| **ਕੁੱਲ** | **2078 (100.00)** | **431 (100.00)** | **279 (100.00)** | **2788 (100.00)** |

**ਸਰੋਤ:** ਫੀਲਡ ਸਰਵੇਖਣ, 2022
**ਨੋਟ:** ਬਰੈਕਟਾਂ ਵਿੱਚ ਦਿੱਤੇ ਗਏ ਅੰਕੜੇ ਪ੍ਰਤਿਸ਼ਤਤਾ ਨੂੰ ਦਰਸਾਉਂਦੇ ਹਨ।

ਇਸ ਸਾਰਨੀ ਵਿੱਚ ਅੱਗੇ ਦੱਸਿਆ ਗਿਆ ਹੈ ਕਿ ਅਨੁਸੂਚਿਤ ਜਾਤੀ ਸ਼੍ਰੇਣੀ ਦੇ 99.54 ਪ੍ਰਤਿਸ਼ਤ, ਜਨਰਲ ਸ਼੍ਰੇਣੀ ਦੇ 98.75 ਪ੍ਰਤਿਸ਼ਤ ਅਤੇ ਪੱਛੜੀਆਂ ਸ਼੍ਰੇਣੀਆਂ ਦੇ 95.34 ਪ੍ਰਤਿਸ਼ਤ ਵਿਅਕਤੀਆਂ ਨੇ ਕਾਨੂੰਨੀ ਤੌਰ ਉੱਤੇ ਪਰਵਾਸ ਕੀਤਾ, ਜਦੋਂ ਕਿ ਅਨੁਸੂਚਿਤ ਜਾਤੀ, ਜਨਰਲ, ਅਤੇ ਪਛੜੀਆਂ ਸ਼੍ਰੇਣੀਆਂ ਦੇ ਗ਼ੈਰ-ਕਾਨੂੰਨੀ ਢੰਗ ਨਾਲ਼ ਪਰਵਾਸ ਕਰਨ ਵਾਲ਼ੇ ਵਿਅਕਤੀਆਂ ਦੀ ਪ੍ਰਤਿਸ਼ਤਤਾ ਕ੍ਰਮਵਾਰ 0.46, 1.25 ਅਤੇ 4.66 ਸੀ।

ਸਾਰਨੀ 6 ਦਰਸਾਉਂਦੀ ਹੈ ਕਿ ਪੇਂਡੂ ਪੰਜਾਬ ਵਿੱਚੋਂ ਕਾਨੂੰਨੀ ਢੰਗ ਨਾਲ਼ ਕੌਮਾਂਤਰੀ ਪਰਵਾਸ ਕਰਨ ਵਾਲ਼ੇ ਵਿਅਕਤੀਆਂ ਵਿੱਚੋਂ, ਅੱਧੇ ਤੋਂ ਵੱਧ (53.88 ਪ੍ਰਤਿਸ਼ਤ) ਵਿਅਕਤੀਆਂ ਨੇ ਪੜ੍ਹਾਈ ਵੀਜ਼ੇ ਉੱਤੇ ਵਿਦੇਸਾਂ ਵਿੱਚ ਪਰਵਾਸ ਕੀਤਾ, ਜਦੋਂ ਕਿ ਇੱਕ-ਤਿਹਾਈ ਤੋਂ ਥੋੜ੍ਹਾ ਵੱਧ (34.80 ਪ੍ਰਤਿਸ਼ਤ) ਵਿਅਕਤੀਆਂ ਵਰਕ ਵੀਜ਼ੇ ਉੱਤੇ ਵਿਦੇਸਾਂ ਵਿੱਚ ਗਏ। ਇਸ ਤੋਂ ਇਲਾਵਾ, 5.24 ਪ੍ਰਤਿਸ਼ਤ ਵਿਅਕਤੀ ਸਪਾਊਸ ਵੀਜ਼ੇ ਉੱਤੇ, ਜਦੋਂ ਕਿ 4.04 ਪ੍ਰਤਿਸ਼ਤ ਵਿਅਕਤੀਆਂ ਨੇ ਵਿਜ਼ਟਰ ਵੀਜ਼ੇ ਉੱਤੇ ਵਿਦੇਸਾਂ ਵਿੱਚ ਪਰਵਾਸ ਕੀਤਾ। ਸਿਰਫ਼ 2.04 ਪ੍ਰਤਿਸ਼ਤ ਵਿਅਕਤੀਆਂ ਦੇ ਕੋਲ਼ ਵਿਦੇਸ ਜਾਣ ਲਈ ਪਰਿਵਾਰ ਜਾਂ ਖ਼ੂਨ ਨਾਲ਼ ਸੰਬੰਧਿਤ ਕਿਸਮ ਦਾ ਵੀਜ਼ਾ ਸੀ।

**ਸਾਰਨੀ 6**
**ਕਾਨੂੰਨੀ ਢੰਗ ਨਾਲ਼ ਪਰਵਾਸ ਲਈ ਵੀਜ਼ੇ ਦੀ ਕਿਸਮ**


| ਵੀਜ਼ੇ ਦੀ ਕਿਸਮ | ਜਾਤੀ ਸ਼੍ਰੇਣੀ | | | ਕੁੱਲ |
|---|---|---|---|---|
| | ਜਨਰਲ | ਅਨੁਸੂਚਿਤ ਜਾਤੀ | ਪੱਛੜੀਆਂ ਸ਼੍ਰੇਣੀਆਂ | |
| ਪੜ੍ਹਾਈ | 1239 (60.38) | 107 (24.94) | 134 (50.38) | 1480 (53.88) |
| ਓਰਕ | 549 (26.75) | 303 (70.63) | 104 (39.10) | 956 (34.80) |
| ਸਪਾਊਸ | 130 (6.34) | 4 (0.93) | 10 (3.76) | 144 (5.24) |
| ਵਿਜ਼ਟਰ | 84 (4.09) | 12 (2.80) | 15 (5.64) | 111 (4.04) |
| ਪਰਿਵਾਰ/ਖ਼ੂਨ ਨਾਲ਼ ਸੰਬੰਧਿਤ | 50 (2.44) | 3 (0.70) | 3 (1.12) | 56 (2.04) |
| **ਕੁੱਲ** | **2052 (100.00)** | **429 (100.00)** | **266 (100.00)** | **2747 (100.00)** |

**ਸਰੋਤ:** ਫੀਲਡ ਸਰਵੇਖਣ, 2022
**ਨੋਟ:** ਬਰੈਕਟਾਂ ਵਿੱਚ ਦਿੱਤੇ ਗਏ ਅੰਕੜੇ ਪ੍ਰਤਿਸ਼ਤਤਾ ਨੂੰ ਦਰਸਾਉਂਦੇ ਹਨ।

ਇਹ ਸਾਰਨੀ ਅੱਗੇ ਇਹ ਦਰਸਾਉਂਦੀ ਹੈ ਕਿ ਅਨੁਸੂਚਿਤ ਜਾਤੀਆਂ ਵਿੱਚੋਂ, ਕੰਮ ਦੇ ਮਕਸਦ ਲਈ ਵਿਦੇਸ਼ਾਂ ਵਿੱਚ ਜਾਣ ਵਾਲ਼ੇ ਵਿਅਕਤੀਆਂ ਦੀ ਵਧੇਰੇ ਗਿਣਤੀ ਸੀ ਕਿਉਂਕਿ ਜ਼ਿਆਦਾਤਰ ਅਨੁਸੂਚਿਤ ਜਾਤੀ ਦੇ ਪਰਿਵਾਰ ਬੇਜ਼ਮੀਨੇ ਹਨ ਅਤੇ ਉਹਨਾਂ ਕੋਲ਼ ਉਤਪਾਦਨ ਦੇ ਹੋਰ ਸਾਧਨ ਨਹੀਂ ਹਨ। ਹਾਲਾਂਕਿ, ਜਨਰਲ ਅਤੇ ਪਛੜੀਆਂ ਸ਼੍ਰੇਣੀਆਂ ਦੇ ਮਾਮਲੇ ਵਿੱਚ, ਜ਼ਿਆਦਾਤਰ ਵਿਅਕਤੀਆਂ ਨੇ ਪੜ੍ਹਾਈ ਵੀਜ਼ੇ ਉੱਤੇ ਵਿਦੇਸ਼ਾਂ ਵਿੱਚ ਪਰਵਾਸ ਕੀਤਾ।

ਚਿੱਤਰ 3 ਤੋਂ ਸਪੱਸ਼ਟ ਹੁੰਦਾ ਹੈ ਕਿ ਪੇਂਡੂ ਪੰਜਾਬ ਵਿੱਚੋਂ ਜ਼ਿਆਦਾਤਰ ਵਿਅਕਤੀਆਂ ਨੇ ਪੜ੍ਹਾਈ ਵੀਜ਼ੇ ਉੱਤੇ ਵਿਦੇਸ਼ਾਂ ਵਿੱਚ ਪਰਵਾਸ ਕੀਤਾ ਜਿਸ ਤੋਂ ਬਾਅਦ ਵਰਕ, ਸਪਾਊਸ, ਵਿਜ਼ਟਰ, ਅਤੇ ਪਰਿਵਾਰ/ਖੂਨ ਨਾਲ਼ ਸੰਬੰਧਿਤ ਵੀਜ਼ੇ ਦੀ ਕਿਸਮ ਦਾ ਕ੍ਰਮ ਆਉਂਦਾ ਹੈ।

**ਚਿੱਤਰ 3**
**ਪਰਵਾਸ ਲਈ ਵੀਜ਼ੇ ਦੀ ਕਿਸਮ**




**ਸਰੋਤ:** ਸਾਰਨੀ 6 ਉੱਤੇ ਆਧਾਰਿਤ।

ਪਰਵਾਸ ਨੂੰ ਪ੍ਰਭਾਵਿਤ ਕਰਨ ਵਾਲ਼ੇ ਬਹੁਤ ਸਾਰੇ ਤੱਤ ਹੁੰਦੇ ਹਨ ਕਿਉਂਕਿ ਪਰਵਾਸ ਕਰਨ ਦਾ ਫ਼ੈਸਲਾ ਕਦੇ ਵੀ ਇੱਕ ਤੱਤ ਦੁਆਰਾ ਹੀ ਪ੍ਰਭਾਵਿਤ ਨਹੀਂ ਹੁੰਦਾ। ਕੌਮਾਂਤਰੀ ਪਰਵਾਸ ਕਰਨ ਦਾ ਫ਼ੈਸਲਾ ਇੱਕ ਸਖ਼ਤ ਕਦਮ ਹੈ ਕਿਉਂਕਿ ਇਸ ਕਿਸਮ ਦੇ ਪਰਵਾਸ ਵਿੱਚ ਬਹੁਤ ਜ਼ਿਆਦਾ ਜੋਖਮ ਦੇ ਨਾਲ਼ ਨਾਲ ਵੱਧ ਲਾਭ ਵੀ ਸ਼ਾਮਿਲ ਹੁੰਦੇ ਹਨ। ਪਰਵਾਸ ਨੂੰ ਪ੍ਰਭਾਵਿਤ ਕਰਨ ਵਾਲ਼ੇ ਤੱਤਾਂ ਨੂੰ ਧੱਕਣ ਵਾਲ਼ੇ ਅਤੇ ਖਿੱਚਣ ਵਾਲ਼ੇ ਤੱਤਾਂ ਵਿੱਚ ਵੰਡਿਆ ਜਾ ਸਕਦਾ ਹੈ। ਧੱਕਣ ਵਾਲ਼ੇ ਕਾਰਕਾਂ ਵਿੱਚ ਵਧਦੀ ਬੇਰੁਜ਼ਗਾਰੀ, ਸਾਥੀਆਂ ਦਾ ਦਬਾਅ, ਸਮਾਜਿਕ-ਆਰਥਿਕ ਸਥਿਤੀਆਂ ਦਾ ਵਿਗੜਨਾ, ਅਤੇ ਸਮਾਜਿਕ ਮੁੱਦੇ ਜਿਵੇਂ ਕਿ ਨਸ਼ਾਖੋਰੀ ਜਾਂ ਵਧ ਰਹੇ ਅਪਰਾਧ ਆਦਿ ਸ਼ਾਮਿਲ ਹਨ। ਦੂਜੇ ਦੇਸ ਵੀ ਕਈ ਖਿੱਚ ਦੇ ਕਾਰਕ ਪੈਦਾ ਕਰਦੇ ਹਨ ਜਿਵੇਂ ਕਿ ਵਧੇਰੇ ਕਮਾਈ ਕਰਨ ਦੀ ਇੱਛਾ, ਬਿਹਤਰ ਵਿੱਦਿਅਕ ਅਤੇ ਰਹਿਣ-ਸਹਿਣ ਦੀਆਂ ਸਥਿਤੀਆਂ, ਵਿਦੇਸ਼ਾਂ ਦੀਆਂ ਵਧੀਆ ਪ੍ਰਸ਼ਾਸਕੀ ਸਹੂਲਤਾਂ, ਪਰਿਵਾਰਕ ਪਰਵਾਸ/ਵਿਆਹ ਆਦਿ। ਜਦੋਂ ਪਰਵਾਸੀਆਂ ਜਾਂ ਉਹਨਾਂ ਦੇ ਪਰਿਵਾਰਕ ਮੈਂਬਰਾਂ ਨੂੰ ਪਰਵਾਸ ਦੇ ਕਾਰਨਾਂ ਬਾਰੇ ਪੁੱਛਿਆ ਗਿਆ ਤਾਂ ਉਹਨਾਂ ਨੇ ਹੇਠਾਂ ਦਿੱਤੇ ਕਾਰਨਾਂ ਬਾਰੇ ਦੱਸਿਆ (ਸਾਰਨੀ 7):

**ਸਾਰਨੀ 7**
**ਕੌਮਾਂਤਰੀ ਪਰਵਾਸ ਨੂੰ ਪ੍ਰਭਾਵਿਤ ਕਰਨ ਵਾਲ਼ੇ ਤੱਤ**

| ਕ੍ਰਮ ਅੰਕ | ਪ੍ਰਭਾਵਿਤ ਕਰਨ ਵਾਲ਼ੇ ਤੱਤ | ਪਰਵਾਸੀਆਂ ਦੀ ਗਿਣਤੀ | ਪ੍ਰਤਿਸ਼ਤ |
|---|---|---|---|
| | **ਧੱਕਣ ਵਾਲ਼ੇ ਕਾਰਕ** | | |
| 1. | ਬੇਰੁਜ਼ਗਾਰੀ | 2229 | 79.95 |
| 2. | ਸਾਥੀਆਂ ਦਾ ਦਬਾਅ | 586 | 21.02 |
| 3. | ਨਸ਼ਾਖੋਰੀ ਤੋਂ ਬਚਣਾ | 338 | 12.12 |
| 4. | ਵਿਗੜਦੀਆਂ ਸਮਾਜਿਕ-ਆਰਥਿਕ ਸਥਿਤੀਆਂ | 507 | 18.19 |
| 5. | ਵਧ ਰਹੇ ਅਪਰਾਧ | 94 | 3.37 |
| | **ਖਿੱਚਣ ਵਾਲ਼ੇ ਕਾਰਕ** | | |
| 1. | ਵਧੇਰੇ ਕਮਾਈ ਕਰਨ ਦੀ ਇੱਛਾ | 1936 | 69.44 |
| 2. | ਦੂਜੇ ਦੇਸਾਂ ਵਿੱਚ ਵਧੀਆ ਰਹਿਣ-ਸਹਿਣ ਦੀਆਂ ਸਥਿਤੀਆਂ ਅਤੇ ਪ੍ਰਸ਼ਾਸਕੀ ਸਹੂਲਤਾਂ | 1954 | 70.09 |
| 3. | ਪਰਿਵਾਰਕ ਪਰਵਾਸ/ਵਿਆਹ | 296 | 10.62 |
| 4. | ਉੱਚ-ਸਿੱਖਿਆ ਪ੍ਰਾਪਤ ਕਰਨਾ | 661 | 23.71 |

**ਸਰੋਤ:** ਫੀਲਡ ਸਰਵੇਖਣ, 2022

- 79.95 ਪ੍ਰਤਿਸ਼ਤ ਪਰਵਾਸੀਆਂ ਦੇ ਸੰਬੰਧ ਵਿੱਚ, ਉਹਨਾਂ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਹਨਾਂ ਦੇ ਬੱਚਿਆਂ/ਮੈਂਬਰਾਂ ਦੇ ਪਰਵਾਸ ਦਾ ਮੁੱਖ ਕਾਰਨ ਬੇਰੁਜ਼ਗਾਰੀ ਹੈ।
- ਵਿਦੇਸਾਂ ਵਿੱਚ ਰਹਿਣ-ਸਹਿਣ ਦੀਆਂ ਵਧੀਆ ਸਥਿਤੀਆਂ ਅਤੇ ਪ੍ਰਸ਼ਾਸਕੀ ਸਹੂਲਤਾਂ ਨੇ 70.09 ਪ੍ਰਤਿਸ਼ਤ ਪੇਂਡੂ ਪੰਜਾਬੀਆਂ ਪਰਵਾਸ ਕਰਨ ਲਈ ਆਕਰਸ਼ਿਤ ਕੀਤਾ।
- 69.44 ਪ੍ਰਤਿਸ਼ਤ ਪਰਵਾਸੀਆਂ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਹਨਾਂ ਦੇ ਬੱਚਿਆਂ/ਮੈਂਬਰਾਂ ਦੀ ਵਧੇਰੇ ਕਮਾਈ ਕਰਨ ਦੀ ਇੱਛਾ ਨੇ ਉਹਨਾਂ ਨੂੰ ਵਿਦੇਸਾਂ ਵਿੱਚ ਪਰਵਾਸ ਲਈ ਪ੍ਰੇਰਿਤ ਕੀਤਾ।
- ਇਕ-ਚੌਥਾਈ ਤੋਂ ਥੋੜ੍ਹਾ ਘੱਟ (23.71 ਪ੍ਰਤਿਸ਼ਤ) ਵਿਅਕਤੀਆਂ ਨੇ ਉੱਚ-ਸਿੱਖਿਆ ਪ੍ਰਾਪਤ ਕਰਨ ਲਈ ਵਿਦੇਸਾਂ ਵਿੱਚ ਪਰਵਾਸ ਕੀਤਾ।
- ਪਰਿਵਾਰਕ ਮੈਂਬਰਾਂ ਦੇ ਦੱਸਣ ਅਨੁਸਾਰ 21.02 ਪ੍ਰਤਿਸ਼ਤ ਵਿਅਕਤੀ ਆਪਣੇ ਹਾਣੀਆਂ ਦੇ ਦਬਾਅ ਨੂੰ ਮਹਿਸੂਸ ਕਰਦੇ ਹੋਏ ਵਿਦੇਸ ਗਏ।
- ਸੂਬੇ ਦੀਆਂ ਵਿਗੜਦੀਆਂ ਹੋਈਆਂ ਸਮਾਜਿਕ-ਆਰਥਿਕ ਹਾਲਤਾਂ ਨੇ 18.19 ਪ੍ਰਤਿਸ਼ਤ ਵਿਅਕਤੀਆਂ ਨੂੰ ਵਿਦੇਸਾਂ ਵਿੱਚ ਪਰਵਾਸ ਕਰਨ ਲਈ ਮਜਬੂਰ ਕੀਤਾ।
- 12.12 ਪ੍ਰਤਿਸ਼ਤ ਪਰਵਾਸੀਆਂ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਹਨਾਂ ਦੇ ਬੱਚੇ ਪੰਜਾਬ ਵਿੱਚ ਫੈਲੇ ਨਸ਼ਿਆਂ ਤੋਂ ਬਚਣ ਲਈ ਵਿਦੇਸ ਚਲੇ ਗਏ।
- ਪੇਂਡੂ ਪੰਜਾਬ ਦੇ ਲੋਕਾਂ ਦੇ ਇੱਕ ਹਿੱਸੇ (10.62 ਪ੍ਰਤਿਸ਼ਤ) ਦੇ ਵਿਦੇਸਾਂ ਵਿੱਚ ਪਰਵਾਸ ਕਰਨ ਦਾ ਕਾਰਨ ਉਹਨਾਂ ਦੇ ਪਰਿਵਾਰਾਂ ਦਾ ਵਿਦੇਸਾਂ ਵਿੱਚ ਵੱਸ ਜਾਣਾ ਸੀ।
- ਸੂਬੇ ਵਿੱਚ ਵਧ ਰਹੇ ਅਪਰਾਧਾਂ ਤੋਂ ਤੰਗ ਆਏ 3.37 ਪ੍ਰਤਿਸ਼ਤ ਵਿਅਕਤੀ ਵਿਦੇਸਾਂ ਵਿੱਚ ਗਏ।

ਉਪਰੋਕਤ ਵਿਸ਼ਲੇਸ਼ਣ ਸਪੱਸ਼ਟ ਤੌਰ ਉੱਤੇ ਦਰਸਾਉਂਦਾ ਹੈ ਕਿ ਬੇਰੁਜ਼ਗਾਰੀ, ਵਿਦੇਸਾਂ ਵਿੱਚ ਬਿਹਤਰ ਰਹਿਣ-ਸਹਿਣ ਦੀਆਂ ਸਥਿਤੀਆਂ ਅਤੇ ਪ੍ਰਸ਼ਾਸਕੀ ਸਹੂਲਤਾਂ, ਵਧੇਰੇ ਕਮਾਈ ਕਰਨ ਦੀ ਇੱਛਾ, ਉੱਚ ਸਿੱਖਿਆ ਪ੍ਰਾਪਤ ਕਰਨਾ, ਅਤੇ ਸਾਥੀਆਂ ਦਾ ਦਬਾਅ ਅਦਿ ਪੇਂਡੂ ਪੰਜਾਬ ਤੋਂ ਪਰਵਾਸ ਦੇ ਮੁੱਖ ਕਾਰਨ ਹਨ। ਅਧਿਐਨ ਦੀ ਇਹ ਖੋਜ ਇੱਕ ਹੋਰ ਖੋਜ ਅਧਿਐਨ (ਕੌਰ ਅਤੇ ਬਰਾੜ, 2020) ਦੀ ਪੁਸ਼ਟੀ ਕਰਦੀ ਹੈ ਜੋ ਦਰਸਾਉਂਦੀ ਹੈ ਕਿ ਰਾਜ ਤੋਂ ਪਰਵਾਸ, ਖ਼ਾਸ ਕਰ ਕੇ ਕਿਸਾਨੀ ਪਰਿਵਾਰਾਂ ਤੋਂ ਵਧ ਰਿਹਾ ਹੈ। ਇਸ ਲਈ ਪੇਂਡੂ ਪੰਜਾਬ ਤੋਂ ਕੌਮਾਂਤਰੀ ਪਰਵਾਸ ਲਈ ਵਿਦੇਸਾਂ ਵਿੱਚ ਉੱਚ ਸਿੱਖਿਆ ਦੀ ਪ੍ਰਾਪਤੀ, ਰਾਜ ਵਿੱਚ ਰੁਜ਼ਗਾਰ ਦੇ ਸੀਮਤ ਮੌਕੇ, ਨੌਜਵਾਨਾਂ ਦੀਆਂ ਵਧਦੀਆਂ ਆਸ਼ਾਵਾਂ, ਉਦਾਰ ਜੀਵਨ ਸ਼ੈਲੀ ਦੀ ਵਧੇਰੇ ਸਵੀਕਾਰਤਾ, ਆਰਥਿਕ ਗਤੀਵਿਧੀਆਂ ਦਾ ਆਧੁਨਿਕੀਕਰਨ, ਅਤੇ ਇਮੀਗ੍ਰੇਸ਼ਨ ਨੈੱਟਵਰਕ ਦੀ ਤੀਬਰਤਾ ਆਦਿ ਵਰਗੇ ਮਹੱਤਵਪੂਰਨ ਕਾਰਕ ਜ਼ੁੰਮੇਵਾਰ ਹਨ।

ਵਿਦੇਸਾਂ ਵਿੱਚ ਪਰਵਾਸ ਕਰਨ ਲਈ ਪੇਂਡੂ ਪੰਜਾਬ ਦੇ ਪਰਵਾਸੀਆਂ ਦੁਆਰਾ ਕੀਤੇ ਗਏ ਖ਼ਰਚਿਆਂ ਦੇ ਅੰਕੜੇ ਸਾਰਨੀ 8 ਵਿੱਚ ਪੇਸ਼ ਕੀਤੇ ਗਏ ਹਨ। ਇਹ ਸਾਰਨੀ ਦਰਸਾਉਂਦੀ ਹੈ ਕਿ ਪਰਵਾਸੀਆਂ ਦੇ ਵਧੇਰੇ ਹਿੱਸੇ ਅਰਥਾਤ 27.57 ਪ੍ਰਤਿਸ਼ਤ ਨੇ ਵਿਦੇਸ ਜਾਣ ਲਈ 15 ਤੋਂ 20 ਲੱਖ ਰੁਪਏ ਖ਼ਰਚ ਕੀਤੇ।ਤਕਰੀਬਨ 22 ਪ੍ਰਤਿਸ਼ਤ ਪਰਵਾਸੀਆਂ ਨੇ ਪਰਵਾਸ ਲਈ 5 ਲੱਖ ਰੁਪਏ ਤੋਂ ਘੱਟ ਖ਼ਰਚ ਕੀਤੇ। ਇਸ ਤੋਂ ਬਾਅਦ 17.54, 16.14, 11.48, ਅਤੇ 4.16 ਪ੍ਰਤਿਸ਼ਤ ਪਰਵਾਸੀਆਂ ਦਾ ਕ੍ਰਮ ਆਉਂਦਾ ਹੈ ਜਿਹਨਾਂ ਨੇ ਵਿਦੇਸਾਂ ਵਿੱਚ ਜਾਣ ਲਈ ਕ੍ਰਮਵਾਰ 20 ਤੋਂ 25; 5 ਤੋਂ 10; 10 ਤੋਂ 15; ਅਤੇ 25 ਤੋਂ 30 ਲੱਖ ਰੁਪਏ ਖ਼ਰਚੇ। ਲਗਭਗ 3 ਪ੍ਰਤਿਸ਼ਤ ਪਰਵਾਸੀ 30 ਲੱਖ ਜਾਂ ਵੱਧ ਰੁਪਏ ਖ਼ਰਚ ਕੇ ਵਿਦੇਸ ਗਏ।

**ਸਾਰਨੀ 8**
**ਪਰਵਾਸ ਲਈ ਕੀਤੇ ਖ਼ਰਚਿਆਂ ਦਾ ਵੇਰਵਾ**

| ਖ਼ਰਚ (ਲੱਖ, ਰੁਪਇਆਂ ਵਿੱਚ) | ਵੀਜ਼ੇ ਦੀ ਕਿਸਮ | | | | | ਗ਼ੈਰ-ਕਾਨੂੰਨੀ ਢੰਗ | ਕੁੱਲ |
|---|---|---|---|---|---|---|---|
| | ਪੜ੍ਹਾਈ | ਵਰਕ | ਸਪਾਊਸ | ਵਿਜ਼ਟਰ | ਪਰਿਵਾਰ/ਖ਼ੂਨ ਨਾਲ ਸੰਬੰਧਿਤ | | |
| 5 ਤੋਂ ਘੱਟ | 12 (0.82) | 502 (52.51) | 45 (31.25) | 37 (33.33) | 11 (19.64) | 7 (17.07) | 614 (22.02) |
| 5-10 | 40 (2.70) | 280 (29.29) | 43 (29.86) | 39 (35.14) | 43 (76.79) | 5 (12.20) | 450 (16.14) |
| 10-15 | 194 (13.11) | 93 (9.73) | 15 (10.42) | 10 (9.01) | 2 (3.57) | 6 (14.63) | 320 (11.48) |
| 15-20 | 607 (41.01) | 75 (7.84) | 20 (13.89) | 8 (7.20) | 0 (0.00) | 3 (7.32) | 713 (25.57) |
| 20-25 | 467 (31.55) | 4 (0.42) | 10 (6.94) | 5 (4.50) | 0 (0.00) | 3 (7.32) | 489 (17.54) |
| 25-30 | 99 (6.69) | 2 (0.21) | 2 (1.39) | 6 (5.41) | 0 (0.00) | 7 (17.07) | 116 (4.16) |
| 30 ਜਾਂ ਵੱਧ | 61 (4.12) | 0 (0.00) | 9 (6.25) | 6 (5.41) | 0 (0.00) | 10 (24.39) | 86 (3.09) |
| **ਕੁੱਲ** | **1480 (100.00)** | **956 (100.00)** | **144 (100.00)** | **111 (100.00)** | **56 (100.00)** | **41 (100.00)** | **2788 (100.00)** |

**ਸਰੋਤ:** ਫੀਲਡ ਸਰਵੇਖਣ, 2022
**ਨੋਟ:** ਬਰੈਕਟਾਂ ਵਿੱਚ ਦਿੱਤੇ ਗਏ ਅੰਕੜੇ ਪ੍ਰਤਿਸ਼ਤਤਾ ਨੂੰ ਦਰਸਾਉਂਦੇ ਹਨ।

ਪੜ੍ਹਾਈ ਵੀਜ਼ਾ ਦੇ ਸੰਬੰਧ ਵਿੱਚ, ਪਰਵਾਸੀਆਂ ਦੇ ਵਧੇਰੇ ਹਿੱਸੇ (41.01 ਪ੍ਰਤਿਸ਼ਤ) ਨੇ ਕੌਮਾਂਤਰੀ ਪਰਵਾਸ ਲਈ 15 ਤੋਂ 20 ਲੱਖ ਰੁਪਏ ਖ਼ਰਚ ਕੀਤੇ। ਦਿ ਟ੍ਰਿਬਿਊਨ (2018) ਵਿੱਚ ਪ੍ਰਕਾਸ਼ਤ ਇੱਕ ਰਿਪੋਰਟ ਅਨੁਸਾਰ ਪੜ੍ਹਾਈ ਵੀਜ਼ਾ ਉੱਤੇ ਕੌਮਾਂਤਰੀ ਪਰਵਾਸ ਦੀ ਪ੍ਰਕਿਰਿਆ ਵਿੱਚ ਪੜ੍ਹਾਈ ਦੇ ਪਹਿਲੇ ਸਾਲ ਲਈ ਔਸਤਨ 15 ਤੋਂ 22 ਲੱਖ ਰੁਪਏ

ਦੀ ਲਾਗਤ ਆਉਂਦੀ ਹੈ। ਬਾਹਰ ਜਾਣ ਵਾਲ਼ੇ ਵਿਦਿਆਰਥੀਆਂ ਦੀ ਗਿਣਤੀ ਨਾਲ਼ ਗੁਣਾ ਕਰਨ ਉੱਤੇ ਇਹ ਤਕਰੀਬਨ 27,000 ਕਰੋੜ ਰੁਪਏ ਬਣਦੀ ਹੈ ਜੋ ਹਰ ਸਾਲ ਪੰਜਾਬ ਤੋਂ ਬਾਹਰ ਜਾ ਰਹੇ ਹਨ।

ਵਰਕ ਅਤੇ ਸਪਾਊਸ ਕਿਸਮ ਦੇ ਵੀਜ਼ਿਆਂ ਦੇ ਸੰਬੰਧ ਵਿੱਚ, ਪਰਵਾਸੀਆਂ ਦਾ ਵਧੇਰੇ ਹਿੱਸਾ 5 ਲੱਖ ਰੁਪਏ ਤੋਂ ਘੱਟ ਖ਼ਰਚ ਕੇ ਵਿਦੇਸ ਗਿਆ, ਜਦੋਂ ਕਿ ਜਿਹਨਾਂ ਪਰਵਾਸੀਆਂ ਕੋਲ਼ ਵਿਜ਼ਟਰ ਜਾਂ ਪਰਿਵਾਰ/ਖ਼ੂਨ ਨਾਲ਼ ਸੰਬੰਧਿਤ ਵੀਜ਼ਾ ਸੀ, ਉਹਨਾਂ ਨੂੰ ਕੌਮਾਂਤਰੀ ਪਰਵਾਸ ਲਈ 5 ਤੋਂ 10 ਲੱਖ ਰੁਪਏ ਖ਼ਰਚਣੇ ਪਏ। ਇਸ ਤੋਂ ਇਲਾਵਾ, ਗ਼ੈਰ-ਕਾਨੂੰਨੀ ਢੰਗ ਨਾਲ਼ ਵਿਦੇਸਾਂ ਵਿੱਚ ਦਾਖ਼ਲ ਹੋਣ ਵਾਲ਼ੇ ਜ਼ਿਆਦਾਤਰ ਪਰਵਾਸੀਆਂ (24.39 ਪ੍ਰਤਿਸ਼ਤ) ਨੇ 30 ਲੱਖ ਰੁਪਏ ਜਾਂ ਇਸ ਤੋਂ ਵੱਧ ਖ਼ਰਚ ਕੀਤੇ।

ਵਿਦੇਸਾਂ ਵਿੱਚ ਪਰਵਾਸ ਕਰਨ ਲਈ ਪੇਂਡੂ ਪੰਜਾਬ ਦੇ ਪਰਵਾਸੀਆਂ ਦੁਆਰਾ ਵੱਖ ਵੱਖ ਸਰੋਤਾਂ ਤੋਂ ਮੁਹੱਈਆ ਕਰਵਾਈ ਗਈ ਰਕਮ ਦੀ ਜਾਣਕਾਰੀ ਸਾਰਨੀ 9 ਵਿੱਚ ਦਿੱਤੀ ਗਈ ਹੈ। ਇਹ ਸਾਰਨੀ ਦਰਸਾਉਂਦੀ ਹੈ ਕਿ ਇਹਨਾਂ ਪਰਵਾਸੀਆਂ ਨੇ ਆਪਣੇ ਪਰਵਾਸ ਲਈ ਔਸਤਨ 1295139.89 ਰੁਪਏ ਖ਼ਰਚੇ। ਇਹ ਰਕਮ ਵਿਦਿਆਰਥੀ ਵਰਗ ਦੇ ਸੰਬੰਧ ਵਿੱਚ 1857972.97 ਰੁਪਏ ਅਤੇ ਗ਼ੈਰ-ਵਿਦਿਆਰਥੀ ਵਰਗ ਲਈ 658295.11 ਰੁਪਏ ਆਂਕੀ ਗਈ।

**ਸਾਰਨੀ 9**
**ਪਰਵਾਸੀਆਂ ਦੁਆਰਾ ਵੱਖ ਵੱਖ ਸਰੋਤਾਂ ਤੋਂ ਲਏ ਔਸਤਨ ਫੰਡ (ਰੁਪਇਆਂ ਵਿੱਚ)**

| ਕ੍ਰਮ ਅੰਕ | ਸਰੋਤ | ਵਿਦਿਆਰਥੀ ਸ਼੍ਰੇਣੀ | ਹੋਰ | ਕੁੱਲ |
|---|---|---|---|---|
| 1. | ਜ਼ਮੀਨ/ਪਲਾਟ/ਗਹਿਣੇ/ਵਾਹਨ/ਪਸ਼ੂ/ਖੇਤੀਬਾੜੀ ਮਸ਼ੀਨਰੀ ਦੀ ਵਿਕਰੀ | 396013.51 (21.31) | 103639.14 (15.74) | 258845.05 (19.99) |
| 2. | ਪਰਿਵਾਰਕ ਬੱਚਤ | 694695.95 (37.39) | 331345.57 (50.33) | 524228.84 (40.48) |
| 3. | ਬੈਂਕਾਂ/ਸਹਿਕਾਰੀ ਸਭਾਵਾਂ ਤੋਂ ਕਰਜ਼ਾ | 330743.24 (17.80) | 72683.49 (11.04) | 209673.60 (16.19) |
| 4. | ਰਿਸ਼ਤੇਦਾਰਾਂ ਤੋਂ ਕਰਜ਼ਾ/ਸਹਾਇਤਾ | 217533.78 (11.71) | 67178.90 (10.21) | 146994.26 (11.35) |
| 5. | ਆੜ੍ਹਤੀਏ | 161756.76 (8.71) | 35703.36 (5.42) | 102618.36 (7.92) |
| 6. | ਹੋਣ ਵਾਲ਼ੇ ਸਹੁਰਿਆਂ ਤੋਂ ਸਹਾਇਤਾ | 31756.76 (1.71) | 13646.79 (2.07) | 23260.40 (1.80) |
| 7. | ਕੌਮਾਂਤਰੀ ਪਰਵਾਸੀਆਂ ਦੁਆਰਾ ਭੇਜਿਆ ਧਨ | 17432.43 (0.94) | 23394.50 (3.56) | 20229.56 (1.56) |
| 8. | ਵੱਡੇ ਕਿਸਾਨ | 8040.54 (0.43) | 10703.36 (1.63) | 9289.81 (0.71) |
| | **ਕੁੱਲ** | **1857972.97 (100.00** | **658295.11 (100.00)** | **1295139.89 (100.00)** |

**ਸਰੋਤ:** ਫੀਲਡ ਸਰਵੇਖਣ, 2022
**ਨੋਟ:** ਬਰੈਕਟਾਂ ਵਿੱਚ ਦਿੱਤੇ ਗਏ ਅੰਕੜੇ ਪ੍ਰਤਿਸ਼ਤਤਾ ਨੂੰ ਦਰਸਾਉਂਦੇ ਹਨ।

ਜਿੱਥੋਂ ਤੱਕ ਵੱਖ ਵੱਖ ਸਰੋਤਾਂ ਤੋਂ ਮੁਹੱਈਆ ਕਰਵਾਈ ਗਈ ਰਕਮ ਦਾ ਸੰਬੰਧ ਹੈ, ਕੁੱਲ ਖ਼ਰਚੇ ਦਾ 40.48 ਪ੍ਰਤਿਸ਼ਤ ਅਰਥਾਤ 524228.84 ਰੁਪਏ ਪਰਵਾਸੀਆਂ ਦੇ ਪਰਿਵਾਰਾਂ ਦੀ ਬੱਚਤ ਤੋਂ ਆਏ। ਕਦੇ ਕਦਾਈਂ ਪਰਵਾਸੀਆਂ ਨੂੰ ਇੰਨੀ ਵੱਡੀ ਰਕਮ ਦਾ ਪ੍ਰਬੰਧ ਕਰਨ ਲਈ ਆਪਣੀ ਜ਼ਮੀਨ/ਪਲਾਟ/ਗਹਿਣੇ/ਵਾਹਨ/ਜਾਨਵਰ/ ਖੇਤੀਬਾੜੀ ਮਸ਼ੀਨਰੀ ਵੇਚਣੀ ਪਈ। ਇਸ ਸਰੋਤ ਨੇ 258845.05 ਰੁਪਏ ਦਾ ਯੋਗਦਾਨ ਪਾਇਆ ਜੋ ਕੁੱਲ ਰਕਮ ਦਾ 19.99 ਪ੍ਰਤਿਸ਼ਤ

ਬਣਦਾ ਹੈ। ਮੌਜੂਦਾ ਖੋਜ ਅਧਿਐਨ ਦਾ ਇੱਕ ਮਹੱਤਵਪੂਰਨ ਨਤੀਜਾ ਇਹ ਹੈ ਕਿ ਕੌਮਾਂਤਰੀ ਪਰਵਾਸ ਲਈ ਪੰਜਾਬੀ ਆਪਣੇ ਬੱਚੇ ਵੀ ਗੁਆ ਰਹੇ ਹਨ ਅਤੇ ਆਪਣੀਆਂ ਜ਼ਮੀਨਾਂ ਵੀ। ਇਹਨਾਂ ਪਰਵਾਸੀਆਂ ਨੇ ਕੁੱਲ ਖ਼ਰਚੇ ਦੇ 16.19 ਪ੍ਰਤਿਸ਼ਤ (ਅਰਥਾਤ 209673.60 ਰੁਪਏ) ਦਾ ਪ੍ਰਬੰਧ ਬੈਂਕਾਂ ਤੋਂ ਉਧਾਰ ਲੈ ਕੇ ਕੀਤਾ। ਮੌਜੂਦਾ ਖੋਜ ਅਧਿਐਨ ਤੋਂ ਇਹ ਵੀ ਸਾਹਮਣੇ ਆਇਆ ਕਿ ਪਰਵਾਸੀਆਂ ਨੇ ਆੜ੍ਹਤੀਆਂ ਤੋਂ ਔਸਤਨ 102618.36 ਰੁਪਏ ਦਾ ਕਰਜ਼ ਇਸ ਮੰਤਵ ਲਈ ਲਿਆ ਜੋ ਕੁੱਲ ਰਕਮ ਦਾ 7.92 ਪ੍ਰਤਿਸ਼ਤ ਹਿੱਸਾ ਬਣਦਾ ਹੈ। ਇੱਥੇ ਇਹ ਵਰਣਨਯੋਗ ਹੈ ਕਿ ਪਰਵਾਸੀਆਂ ਦੇ ਰਿਸ਼ਤੇਦਾਰ ਅਤੇ ਇੱਥੋਂ ਤੱਕ ਕਿ ਹੋਣ ਵਾਲ਼ੇ ਸਹੁਰੇ ਪਰਿਵਾਰ ਵੀ ਉਹਨਾਂ ਦੇ ਪਰਵਾਸ ਦੀ ਕੁਝ ਕੀਮਤ ਚੁੱਕਦੇ ਹਨ। ਅੰਕੜੇ ਦਰਸਾਉਂਦੇ ਹਨ ਕਿ ਪਰਵਾਸ ਦੀ ਕੁੱਲ ਲਾਗਤ ਵਿੱਚ ਰਿਸ਼ਤੇਦਾਰਾਂ ਦਾ ਯੋਗਦਾਨ 11.35 ਪ੍ਰਤਿਸ਼ਤ (146994.26 ਰੁਪਏ) ਹੈ। ਜਿੱਥੋਂ ਤੱਕ ਹੋਣ ਵਾਲ਼ੇ ਸਹੁਰੇ ਪਰਿਵਾਰਾਂ ਦੁਆਰਾ ਦਿੱਤੀ ਵਿੱਤੀ ਸਹਾਇਤਾ ਦਾ ਸੰਬੰਧ ਹੈ, ਪਰਵਾਸੀਆਂ ਨੇ ਇਹਨਾਂ ਪਰਿਵਾਰਾਂ ਤੋਂ ਔਸਤਨ 23260.40 ਰੁਪਏ (1.80 ਪ੍ਰਤਿਸ਼ਤ) ਫੜੇ। ਪਰਵਾਸੀਆਂ ਨੇ ਆਪਣੇ ਪਿੰਡ ਦੇ ਵੱਡੇ ਕਿਸਾਨਾਂ ਤੋਂ ਔਸਤਨ 9289.81 ਰੁਪਏ ਕਰਜ਼ ਲਿਆ, ਜੋ ਪਰਵਾਸ ਲਈ ਕੀਤੇ ਕੁੱਲ ਖ਼ਰਚੇ ਦਾ 0.71 ਪ੍ਰਤਿਸ਼ਤ ਬਣਦਾ ਹੈ। ਜਿੱਥੋਂ ਤੱਕ ਵਿਦਿਆਰਥੀ ਅਤੇ ਗ਼ੈਰ-ਵਿਦਿਆਰਥੀ ਸ਼੍ਰੇਣੀਆਂ ਵਿੱਚ ਫੰਡਾਂ ਦੇ ਵੱਖ ਵੱਖ ਸਰੋਤਾਂ ਦਾ ਸਬੰਧ ਹੈ, ਲਗਭਗ ਇੱਕੋ ਜਿਹਾ ਪੈਟਰਨ ਦੇਖਿਆ ਗਿਆ ਹੈ।

ਅਸੀਂ ਸਾਰੇ ਇਸ ਤੱਤ ਤੋਂ ਭਲੀ-ਭਾਂਤੀ ਜਾਣੂ ਹਾਂ ਕਿ ਪਰਵਾਸੀ ਕਾਮੇ ਆਪਣੇ ਮੇਜ਼ਬਾਨ ਅਤੇ ਘਰੇਲੂ ਦੇਸਾਂ ਦੇ ਆਰਥਿਕ ਅਤੇ ਸਮਾਜਿਕ ਵਿਕਾਸ ਵਿੱਚ ਵੱਡਾ ਯੋਗਦਾਨ ਪਾਉਂਦੇ ਹਨ (ਸਸੀਕੁਮਾਰ ਅਤੇ ਹੁਸੈਨ, 2008)। ਇਹਨਾਂ ਮਨੁੱਖੀ ਵਸੀਲਿਆਂ ਦੇ ਕੌਮਾਂਤਰੀ ਪਰਵਾਸ ਦਾ ਫੌਰੀ ਲਾਭ ਪੇਂਡੂ ਪਰਿਵਾਰਾਂ ਨੂੰ ਪ੍ਰਾਪਤ ਹੋਣ ਵਾਲ਼ਾ ਕੌਮਾਂਤਰੀ ਪੈਸਾ (ਰੈਮਿਟੈਂਸ) ਹੈ। ਇਹ ਵੱਡੀ ਰਕਮ ਘਰੇਲੂ ਆਰਥਿਕਤਾ ਨੂੰ ਕਾਫੀ ਹੱਦ ਤੱਕ ਪ੍ਰਭਾਵਿਤ ਕਰਦੀ ਹੈ (ਬਹਿਲ, 2017)। ਕੌਮਾਂਤਰੀ ਪਰਵਾਸੀ ਆਪਣੇ ਬਚੇ ਹੋਏ ਪੈਸੇ ਨੂੰ ਪਰਿਵਾਰਾਂ ਦੀ ਸਮੁੱਚੀ ਬਿਹਤਰੀ ਲਈ ਆਪਣੇ ਜੱਦੀ ਸਥਾਨਾਂ ਨੂੰ ਭੇਜਦੇ ਹਨ। ਪ੍ਰਾਪਤ ਕੀਤੇ ਗਏ ਅਜਿਹੇ ਪੈਸੇ ਅਕਸਰ ਗ਼ਰੀਬੀ, ਆਰਥਿਕ ਤੰਗੀਆਂ ਨੂੰ ਦੂਰ ਕਰਨ ਜਾਂ ਪਰਿਵਾਰ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਵਰਤੇ ਜਾਂਦੇ ਹਨ (ਕੌਰ, 2020)।ਪਰਵਾਸ ਉਹਨਾਂ ਪਰਿਵਾਰਾਂ ਲਈ ਸੁਖਾਵਾਂ ਹੁੰਦਾ ਹੈ ਜਿਹਨਾਂ ਦੇ ਪਰਵਾਸੀ ਮੈਂਬਰ ਵਿਦੇਸਾਂ ਵਿੱਚ ਕੰਮ ਕਰ ਕੇ ਇਕੱਠੇ ਕੀਤੇ ਧਨ ਵਿੱਚੋਂ ਕੁੱਝ ਰਕਮ ਆਪਣੇ ਪਰਿਵਾਰਾਂ ਨੂੰ ਭੇਜਣਾ ਸ਼ੁਰੂ ਕਰ ਦਿੰਦੇ ਹਨ। ਇਸ ਵਿੱਚ ਮੂਲ ਦੇਸ ਵਿੱਚ ਪਰਵਾਸੀਆਂ ਦੁਆਰਾ ਕੀਤੇ ਗਏ ਨਿਵੇਸ਼, ਜਮ੍ਹਾਂ ਰਾਸ਼ੀ, ਅਤੇ ਦਾਨ ਵੀ ਸ਼ਾਮਲ ਹੋ ਸਕਦੇ ਹਨ (ਓ.ਐੱਸ.ਸੀ.ਈ., ਆਈ.ਓ.ਐੱਮ., ਆਈ.ਐੱਲ.ਓ., 2006)। ਸਾਰਨੀ 10 ਦਰਸਾਉਂਦੀ ਹੈ ਕਿ ਪਰਵਾਸੀਆਂ ਵਿੱਚੋਂ ਸਿਰਫ਼ ਦੋ-ਤਿਹਾਈ (63.52 ਪ੍ਰਤਿਸ਼ਤ) ਨੇ ਆਪਣੇ ਪਰਿਵਾਰਾਂ ਨੂੰ ਪੈਸੇ ਭੇਜੇ ਹਨ, ਜਦੋਂ ਕਿ ਇਕ-ਤਿਹਾਈ ਪਰਵਾਸੀਆਂ (36.48 ਪ੍ਰਤਿਸ਼ਤ) ਨੇ ਆਪਣੇ ਪਰਿਵਾਰਾਂ ਨੂੰ ਕੋਈ ਰਕਮ ਨਹੀਂ ਭੇਜੀ ।

**ਸਾਰਨੀ 10**
**ਕੌਮਾਂਤਰੀ ਪਰਵਾਸੀਆਂ ਦੁਆਰਾ ਆਪਣੇ ਪਰਿਵਾਰਾਂ ਨੂੰ ਭੇਜੇ ਧਨ ਦਾ ਵੇਰਵਾ**

| ੳ) ਕੀ ਪਰਿਵਾਰਾਂ ਨੂੰ ਕੋਈ ਧਨ ਪ੍ਰਾਪਤ ਹੋਇਆ ? | ਪਰਵਾਸੀਆਂ ਦੀ ਗਿਣਤੀ | ਪ੍ਰਤਿਸ਼ਤ |
|---|---|---|
| ਹਾਂ | 1771 | 63.52 |
| ਨਹੀਂ | 1071 | 36.48 |
| **ਕੁੱਲ** | **2788** | **100.00** |
| **ਅ) ਪਰਵਾਸੀਆਂ ਦੀ ਰਕਮ ਅਨੁਸਾਰ ਵੰਡ (ਰੁਪਇਆਂ ਵਿੱਚ)** | | |
| 1,00,000 ਤੋਂ ਘਟ | 49 | 2.77 |
| 1,00.000 – 2,00,000 | 139 | 7.85 |
| 2,00,000 – 3,00,000 | 362 | 20.44 |
| 3,00,000 - 4,00,000 | 350 | 19.76 |
| 4,00,000 – 5,00,000 | 216 | 12.20 |

| | | |
|---|---|---|
| 5,00,000 – 6,00,000 | 255 | 14.40 |
| 6,00,000 – 7,00,000 | 61 | 3.44 |
| 7,00,000 – 8,00,000 | 28 | 1.58 |
| 8,00,000 – 9,00,000 | 26 | 1.47 |
| 9,00,000 – 10,00,000 | 25 | 1.41 |
| 10,00,000 ਅਤੇ ਵੱਧ | 260 | 14.68 |
| **ਕੁੱਲ** | **1771** | **100.00** |

**ਸਰੋਤ:** ਫੀਲਡ ਸਰਵੇਖਣ, 2022

ਇਹ ਸਾਰਨੀ ਅੱਗੇ ਇਹ ਦਰਸਾਉਂਦੀ ਹੈ ਕਿ ਕੁੱਲ ਪਰਵਾਸੀਆਂ ਵਿੱਚੋਂ, ਜਿਹਨਾਂ ਨੇ ਆਪਣੇ ਪਰਿਵਾਰਾਂ ਨੂੰ ਪੇਸੈ ਭੇਜੇ ਹਨ, ਤਿੰਨ-ਚੌਥਾਈ ਤੋਂ ਵੱਧ (77.42 ਪ੍ਰਤਿਸ਼ਤ) ਪਰਵਾਸੀਆਂ ਨੇ 6 ਲੱਖ ਰੁਪਏ ਤੋਂ ਘੱਟ ਦੀ ਰਕਮ ਭੇਜੀ ਹੈ। ਪਰਵਾਸੀਆਂ ਵਿੱਚੋਂ ਸਿਰਫ਼ 14.68 ਪ੍ਰਤਿਸ਼ਤ ਨੇ 10 ਲੱਖ ਰੁਪਏ ਜਾਂ ਇਸ ਤੋਂ ਵੱਧ ਆਪਣੇ ਪਰਿਵਾਰਾਂ ਨੂੰ ਭੇਜੇ। ਇਹ ਪਰਵਾਸੀ ਮੁੱਖ ਤੌਰ ਉੱਤੇ ਉਹ ਹਨ ਜੋ ਇਕ ਦਹਾਕੇ ਤੋਂ ਵੱਧ ਸਮਾਂ ਪਹਿਲਾਂ ਵਿਦੇਸਾਂ ਵਿੱਚ ਪਰਵਾਸ ਕਰ ਗਏ ਸਨ ਅਤੇ ਵਿਦੇਸਾਂ ਵਿੱਚ ਚੰਗੀ ਤਰ੍ਹਾਂ ਵੱਸੇ ਹੋਏ ਹਨ।

ਸਾਰਨੀਆਂ 9 ਅਤੇ 10 ਇੱਕ ਪਰੇਸ਼ਾਨ ਕਰਨ ਵਾਲ਼ੇ ਤੱਥ ਨੂੰ ਉਜਾਗਰ ਕਰਦੀਆਂ ਹਨ ਕਿ ਪਰਵਾਸੀਆਂ ਦੁਆਰਾ ਕੀਤੇ ਗਏ ਖ਼ਰਚੇ ਅਤੇ ਵਾਪਸ ਭੇਜੀ ਗਈ ਰਕਮ (ਰੈਮਿਟੈਂਸ) ਵਿੱਚਕਾਰ ਇੱਕ ਬਹੁਤ ਵੱਡਾ ਪਾੜਾ ਹੈ ਜੋ ਸਪੱਸ਼ਟ ਤੌਰ ਉੱਤੇ ਭਾਰਤ ਅਤੇ ਪੰਜਾਬ ਤੋਂ 'ਪੂੰਜੀ ਹੂੰਝੇ' ਨੂੰ ਦਰਸਾਉਂਦਾ ਹੈ।

ਸਾਰਨੀ 11 ਦੇ ਅੰਕੜੇ ਦਰਸਾਉਂਦੇ ਹਨ ਕਿ ਪਰਵਾਸੀਆਂ ਦੇ ਬਹੁਤੇ ਪਰਿਵਾਰਾਂ (51.22 ਪ੍ਰਤਿਸ਼ਤ) ਨੇ ਆਪਣੀਆਂ ਪਰਿਵਾਰਕ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਉਹਨਾਂ ਦੁਆਰਾ ਭੇਜੇ ਪੈਸਿਆਂ ਦੀ ਵਰਤੋਂ ਕੀਤੀ। ਇਸ ਤੋਂ ਬਾਅਦ ਕਰਜ਼ੇ ਦੀ ਅਦਾਇਗੀ (39.42 ਪ੍ਰਤਿਸ਼ਤ), ਮਕਾਨ ਬਣਾਉਣ ਜਾਂ ਮੁਰੰਮਤ (31.64 ਪ੍ਰਤਿਸ਼ਤ), ਸਮਾਜਿਕ-ਧਾਰਮਿਕ ਰਸਮਾਂ ਨਿਭਾਉਣ (13.13 ਪ੍ਰਤਿਸ਼ਤ) ਅਤੇ ਡਾਕਟਰੀ ਖ਼ਰਚੇ (11.51 ਪ੍ਰਤਿਸ਼ਤ) ਦਾ ਭੁਗਤਾਨ ਕਰਨ ਲਈ ਭੇਜੇ ਪੈਸਿਆਂ ਦੀ ਵਰਤੋਂ ਕੀਤੀ। ਇਸ ਤੋਂ ਇਲਾਵਾ, ਬੱਚਿਆਂ ਦੀ ਸਿੱਖਿਆ (4.20 ਪ੍ਰਤਿਸ਼ਤ), ਵਾਹਨਾਂ ਦੀ ਖ਼ਰੀਦ (3.55 ਪ੍ਰਤਿਸ਼ਤ), ਖੇਤੀਬਾੜੀ ਜ਼ਮੀਨ ਦੀ ਖ਼ਰੀਦ ਜਾਂ ਸਾਂਭ-ਸੰਭਾਲ (2.87 ਪ੍ਰਤਿਸ਼ਤ), ਹੋਰ ਮੈਂਬਰਾਂ ਦੇ ਪਰਵਾਸ (1.54 ਪ੍ਰਤਿਸ਼ਤ), ਕਾਰੋਬਾਰ ਸ਼ੁਰੂ ਕਰਨ/ਵਧਾਉਣ (0.79 ਪ੍ਰਤਿਸ਼ਤ) ਅਤੇ ਮੁਕੱਦਮੇਬਾਜ਼ੀ (0.14 ਪ੍ਰਤਿਸ਼ਤ) ਦੇ ਖ਼ਰਚਿਆਂ ਨੂੰ ਪੂਰਾ ਕਰਨ ਲਈ ਕੌਮਾਂਤਰੀ ਪਰਵਾਸੀਆਂ ਦੁਆਰਾ ਭੇਜੇ ਪੈਸਿਆਂ ਦੀ ਵਰਤੋਂ ਕੀਤੀ ਗਈ।

**ਸਾਰਨੀ 11**

**ਕੌਮਾਂਤਰੀ ਪਰਵਾਸੀਆਂ ਦੁਆਰਾ ਭੇਜੇ ਧਨ ਦੀ ਵੱਖ ਵੱਖ ਉਦੇਸ਼ਾ ਲਈ ਵਰਤੋਂ (ਬਹੁ-ਪੱਖੀ ਜਵਾਬ)**

| ਉਦੇਸ਼ | ਪਰਵਾਸੀਆਂ ਦੀ ਗਿਣਤੀ | ਪ੍ਰਤਿਸ਼ਤ |
|---|---|---|
| ਕਰਜ਼ਾ ਚੁਕਾਉਣ ਲਈ | 1099 | 39.42 |
| ਪਰਿਵਾਰ ਦੀਆਂ ਲੋੜਾਂ ਪੂਰੀਆਂ ਕਰਨ ਲਈ | 1428 | 51.22 |
| ਘਰ ਬਣਾਉਣ ਜਾਂ ਮੁਰੰਮਤ ਕਰਨ ਲਈ | 882 | 31.64 |
| ਸਮਾਜਿਕ-ਧਾਰਮਿਕ ਰਸਮਾਂ ਨਿਭਾਉਣ ਲਈ | 366 | 13.13 |
| ਡਾਕਟਰੀ ਖ਼ਰਚਿਆਂ ਦਾ ਭੁਗਤਾਨ ਕਰਨ ਲਈ | 321 | 11.51 |
| ਬੱਚਿਆਂ ਦੀ ਪੜ੍ਹਾਈ ਦਾ ਖ਼ਰਚਾ ਚੁੱਕਣ ਲਈ | 117 | 4.20 |
| ਖੇਤੀਬਾੜੀ ਜ਼ਮੀਨ ਖ਼ਰੀਦਣ/ਸੰਭਾਲ ਕਰਨ ਲਈ | 80 | 2.87 |

| | | |
|---|---|---|
| ਕਾਰੋਬਾਰ ਸ਼ੁਰੂ/ਵਧਾਉਣ ਲਈ | 22 | 0.79 |
| ਵਾਹਨ ਖ਼ਰੀਦਣ ਲਈ | 99 | 3.55 |
| ਹੋਰ ਮੈਂਬਰਾਂ ਦੇ ਪਰਵਾਸ ਲਈ | 43 | 1.54 |
| ਮੁਕੱਦਮੇਬਾਜ਼ੀ ਦੇ ਖ਼ਰਚਿਆਂ ਨੂੰ ਪੂਰਾ ਕਰਨ ਲਈ | 4 | 0.14 |

**ਸਰੋਤ:** ਫੀਲਡ ਸਰਵੇਖਣ, 2022

ਪਰਵਾਸ ਦੀ ਉੱਚੀ ਲਾਗਤ ਅਤੇ ਪਰਵਾਸੀਆਂ ਵੱਲੋਂ ਆਪਣੇ ਪਰਿਵਾਰਾਂ ਨੂੰ ਘੱਟ ਪੈਸੇ ਭੇਜਣ ਕਰ ਕੇ, ਦੋ-ਤਿਹਾਈ ਪਰਿਵਾਰਾਂ (65.85 ਪ੍ਰਤਿਸ਼ਤ) ਨੇ ਦੱਸਿਆ ਕਿ ਉਹ ਕਰਜ਼ੇ ਹੇਠ ਹਨ (ਸਾਰਨੀ 12)। ਕਰਜ਼ਈ ਪਰਿਵਾਰਾਂ ਵਿੱਚੋਂ 44.01 ਪ੍ਰਤਿਸ਼ਤ ਪਰਿਵਾਰਾਂ ਉੱਤੇ 10 ਲੱਖ ਰੁਪਏ ਤੱਕ ਦਾ ਕਰਜ਼ਾ ਹੈ। ਜਿਹੜੇ ਪਰਿਵਾਰਾਂ ਉੱਤੇ 10 ਤੋਂ 15 ਅਤੇ 15 ਤੋਂ 20 ਲੱਖ ਰੁਪਏ ਦਾ ਕਰਜ਼ਾ ਹੈ ਉਹਨਾਂ ਦਾ ਕ੍ਰਮਵਾਰ ਪ੍ਰਤਿਸ਼ਤ 14.71 ਅਤੇ 5.70 ਹੈ। ਇਸ ਤੋਂ ਇਲਾਵਾ, 1.43 ਪ੍ਰਤਿਸ਼ਤ ਅਜਿਹੇ ਪਰਿਵਾਰ ਹਨ ਜੋ 20 ਲੱਖ ਅਤੇ ਵੱਧ ਰੁਪਏ ਦੇ ਕਰਜ਼ੇ ਹੇਠ ਹਨ।

**ਸਾਰਨੀ 12**
**ਕੌਮਾਂਤਰੀ ਪਰਵਾਸੀਆਂ ਦੇ ਪਰਿਵਾਰਾਂ ਸਿਰ ਕਰਜ਼ੇ ਦਾ ਭਾਰ**

| ਰਕਮ (ਲੱਖ ਰੁਪਇਆਂ ਵਿੱਚ) | ਜਾਤੀ ਸ਼੍ਰੇਣੀ | | | ਕੁੱਲ |
|---|---|---|---|---|
| | ਜਨਰਲ | ਅਨੁਸੂਚਿਤ ਜਾਤੀ | ਪੱਛੜੀਆਂ ਸ਼੍ਰੇਣੀਆਂ | |
| ਸਿਫਰ | 806 (38.79) | 57 (13.23) | 89 (31.90) | 952 (34.15) |
| 5 ਤੋਂ ਘੱਟ | 344 (16.55) | 260 (60.32) | 93 (33.33) | 697 (25.00) |
| 5-10 | 402 (19.35) | 71 (16.47) | 57 (20.43) | 530 (19.01) |
| 10-15 | 356 (17.13) | 29 (6.73) | 25 (8.96) | 410 (14.71) |
| 15-20 | 134 (6.45) | 11 (2.55) | 14 (5.02) | 159 (5.70) |
| 20 ਜਾਂ ਵੱਧ | 36 (1.73) | 3 (0.70) | 1 (0.36) | 40 (1.43) |
| **ਕੁੱਲ** | **2078 (100.00)** | **431 (100.00)** | **279 (100.00)** | **2788 (100.00)** |

**ਸਰੋਤ:** ਫੀਲਡ ਸਰਵੇਖਣ, 2022
**ਨੋਟ:** ਬਰੈਕਟਾਂ ਵਿੱਚ ਦਿੱਤੇ ਗਏ ਅੰਕੜੇ ਪ੍ਰਤਿਸ਼ਤਤਾ ਨੂੰ ਦਰਸਾਉਂਦੇ ਹਨ।

ਇਸ ਮੁੱਦੇ ਦਾ ਜਾਤੀ-ਆਧਾਰਿਤ ਵਿਸ਼ਲੇਸ਼ਣ ਇਹ ਉਜਾਗਰ ਕਰਦਾ ਹੈ ਕਿ ਜ਼ਿਆਦਾਤਰ ਕਰਜ਼ਈ ਪਰਿਵਾਰ (86.77 ਪ੍ਰਤਿਸ਼ਤ) ਅਨੁਸੂਚਿਤ ਜਾਤੀ ਅਤੇ ਇਸ ਤੋਂ ਬਾਅਦ ਪੱਛੜੀਆਂ ਸ਼੍ਰੇਣੀਆਂ (68.10 ਪ੍ਰਤਿਸ਼ਤ) ਅਤੇ ਮੁਕਾਬਲਤਨ ਘੱਟ ਪਰਿਵਾਰ (61.21 ਪ੍ਰਤਿਸ਼ਤ) ਜਨਰਲ ਸ਼੍ਰੇਣੀ ਨਾਲ਼ ਸੰਬੰਧਿਤ ਹਨ।

## ਸਿੱਟੇ ਅਤੇ ਨੀਤੀਗਤ ਸੁਝਾਅ

ਪੰਜਾਬ ਦੇ ਪੇਂਡੂ ਇਲਾਕਿਆਂ ਵਿੱਚ ਕੀਤੇ ਗਏ ਫੀਲਡ ਸਰਵੇਖਣ ਦੇ ਮਹੱਤਵਪੂਰਨ ਨਤੀਜੇ ਅਤੇ ਉਹਨਾਂ ਨਾਲ਼ ਸੰਬੰਧਿਤ ਨੀਤੀਗਤ ਸੁਝਾਅ ਹੇਠ ਲਿਖੇ ਲਿਖੇ ਅਨੁਸਾਰ ਹਨ:

- ਮੌਜੂਦਾ ਖੋਜ ਅਧਿਐਨ ਤੋਂ ਪਤਾ ਲੱਗਿਆ ਕਿ ਕੌਮਾਂਤਰੀ ਪਰਵਾਸ ਕਰਨ ਵਾਲ਼ੇ ਲਗਭਗ 97 ਪ੍ਰਤਿਸ਼ਤ ਵਿਅਕਤੀਆਂ ਦੀ ਉਮਰ 15 ਤੋਂ 45 ਸਾਲ ਦੇ ਦਰਮਿਆਨ ਸੀ । ਇਹ ਉਮਰ ਵਰਗ ਦੇਸ ਦੇ ਵਿਕਾਸ ਲਈ ਨਵੇਂ ਵਿਚਾਰਾਂ ਵਾਲ਼ਾ ਸਭ ਤੋਂ ਵੱਧ ਜੋਸ਼ੀਲਾ ਅਤੇ ਪ੍ਰਤਿਭਾਵਾਨ ਮੰਨਿਆ ਜਾਂਦਾ ਹੈ। ਬਹੁਤੇ ਨੌਜਵਾਨ ਸੀਨੀਅਰ ਸੈਕੰਡਰੀ ਪੱਧਰ ਦੀ ਸਿੱਖਿਆ ਪੂਰੀ ਕਰਨ ਤੋਂ ਬਾਅਦ ਹੀ ਉੱਚ-ਸਿੱਖਿਆ ਗ੍ਰਹਿਣ ਕਰਨ ਲਈ ਪਰਵਾਸ ਕਰ ਰਹੇ ਹਨ। ਇੱਥੋਂ ਤੱਕ ਕਿ ਉੱਚ-ਵਿੱਦਿਅਕ ਪੱਧਰ ਵਾਲ਼ੇ ਵਿਅਕਤੀ ਵੀ ਵਿਦੇਸਾਂ ਵਿੱਚ ਵੱਸਣ ਨੂੰ ਇੱਕ ਬਿਹਤਰ ਵਿਕਲਪ ਸਮਝਦੇ ਹਨ। ਪਰਵਾਸੀਆਂ ਦੇ 80 ਪ੍ਰਤਿਸ਼ਤ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਬੇਰੁਜ਼ਗਾਰੀ ਉਹਨਾਂ ਦੇ ਬੱਚਿਆਂ ਦੇ ਪਰਵਾਸ ਦਾ ਮੁੱਖ ਕਾਰਨ ਹੈ। ਮੌਜੂਦਾ ਖੋਜ ਅਧਿਐਨ ਨੇ ਇਹ ਤੱਥ ਸਾਹਮਣੇ ਲਿਆਂਦਾ ਹੈ ਕਿ ਪਰਵਾਸੀਆਂ ਨੇ ਆਪਣੇ ਕੌਮਾਂਤਰੀ ਪਰਵਾਸ ਲਈ ਔਸਤਨ 1295139.89 ਰੁਪਏ ਖ਼ਰਚ ਕੀਤੇ। ਇਹ ਰਕਮ ਵਿਦਿਆਰਥੀ ਵਰਗ ਦੇ ਮਾਮਲੇ ਵਿੱਚ 1857972.97 ਰੁਪਏ, ਜਦੋਂ ਕਿ ਗ਼ੈਰ-ਵਿਦਿਆਰਥੀ ਸ਼੍ਰੇਣੀ ਲਈ 658295.11 ਰੁਪਏ ਆਂਕੀ ਗਈ। ਇਸ ਤੋਂ ਇਲਾਵਾ, ਪਰਵਾਸ ਦੇ ਕੁੱਲ ਖ਼ਰਚਿਆਂ ਦਾ 40 ਪ੍ਰਤਿਸ਼ਤ ਤੋਂ ਜ਼ਿਆਦਾ ਹਿੱਸਾ ਪਰਵਾਸੀਆਂ ਦੀ ਪਰਿਵਾਰਕ ਬੱਚਤ ਤੋਂ ਆਇਆ ਹੈ। ਮੌਜੂਦਾ ਖੋਜ ਅਧਿਐਨ ਇਹ ਵੀ ਦਰਸਾਉਂਦਾ ਹੈ ਕਿ ਇੱਕ-ਤਿਹਾਈ ਤੋਂ ਵੱਧ ਪਰਵਾਸੀਆਂ (36.48 ਪ੍ਰਤਿਸ਼ਤ) ਨੇ ਆਪਣੇ ਪਰਿਵਾਰਾਂ ਨੂੰ ਕੋਈ ਰਕਮ ਨਹੀਂ ਭੇਜੀ ਹੈ। ਕੁੱਲ ਪਰਵਾਸੀਆਂ ਵਿੱਚੋਂ, ਜਿਹਨਾਂ ਨੇ ਆਪਣੇ ਪਰਿਵਾਰਾਂ ਨੂੰ ਪੈਸੈ ਭੇਜੇ ਹਨ, ਤਿੰਨ-ਚੌਥਾਈ ਤੋਂ ਵੱਧ (77.42 ਪ੍ਰਤਿਸ਼ਤ) ਨੇ 6 ਲੱਖ ਰੁਪਏ ਤੋਂ ਘੱਟ ਦੀ ਰਕਮ ਭੇਜੀ ਹੈ। ਇਸ ਤਰ੍ਹਾਂ ਪਰਵਾਸੀਆਂ ਦੁਆਰਾ ਕੀਤੇ ਗਏ ਖ਼ਰਚੇ ਅਤੇ ਵਾਪਸ ਭੇਜੀ ਗਈ ਰਕਮ (ਰੈਮਿਟੈਂਸ) ਵਿੱਚਕਾਰ ਬਹੁਤ ਵੱਡਾ ਪਾੜਾ ਹੈ ਜੋ ਸਪੱਸ਼ਟ ਤੌਰ ਉੱਤੇ ਭਾਰਤ ਅਤੇ ਪੰਜਾਬ ਤੋਂ 'ਪੂੰਜੀ ਹੂੰਝੇ' ਨੂੰ ਦਰਸਾਉਂਦਾ ਹੈ। ਪੇਂਡੂ ਪੰਜਾਬ ਤੋਂ ਹੋ ਰਿਹਾ ਕੌਮਾਂਤਰੀ ਪਰਵਾਸ ਵਿੱਚ ਸਿਰਫ਼ 'ਪੂੰਜੀ ਹੂੰਝਾ' (Capital Drain) ਹੀ ਨਹੀਂ, ਸਗੋਂ ਇਸ ਵਿੱਚ 'ਬੌਧਿਕ ਹੂੰਝਾ' (Brain Drain) ਅਤੇ 'ਜਨਸੰਖਿਅਕ ਲਾਭਅੰਸ਼ ਦਾ ਨੁਕਸਾਨ' (Loss of Demographic Dividend) ਵੀ ਸ਼ਾਮਿਲ ਹਨ। ਇਸ ਲਈ ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਇਹਨਾਂ ਮੁਸ਼ਕਲਾਂ ਨੂੰ ਦੂਰ ਕਰਨ ਲਈ ਰੁਜ਼ਗਾਰ ਦੇ ਢੁਕਵੇਂ ਮੌਕੇ ਪੈਦਾ ਕਰਨੇ ਚਾਹੀਦੇ ਹਨ ਤਾਂ ਜੋ ਪੰਜਾਬੀਆਂ ਨੂੰ ਆਪਣੇ ਪਰਿਵਾਰਕ ਮੈਂਬਰਾਂ ਨੂੰ ਮਜਬੂਰੀਵੱਸ ਵਿਦੇਸ ਨਾ ਭੇਜਣਾ ਪਵੇ।

- ਪਰਵਾਸੀਆਂ ਦੇ 12.12 ਪ੍ਰਤਿਸ਼ਤ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਹਨਾਂ ਦੇ ਬੱਚੇ ਪੰਜਾਬ ਵਿੱਚ ਫੈਲੇ ਨਸ਼ਿਆਂ ਤੋਂ ਬਚਣ ਲਈ ਵਿਦੇਸ ਚਲੇ ਗਏ।। ਇਸ ਲਈ, ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਸੂਬੇ ਵਿੱਚ ਨਸ਼ਿਆਂ ਦੇ ਸੰਕਟ ਨੂੰ ਕੰਟਰੋਲ ਕਰਨ ਲਈ ਸਖ਼ਤ ਕਦਮ ਚੁੱਕਣ।

- ਮੌਜੂਦਾ ਖੋਜ ਅਧਿਐਨ ਇੱਕ ਸੁਝਾਅ ਉਹਨਾਂ ਹੁਸ਼ਿਆਰ ਵਿਦਿਆਰਥੀਆਂ ਨੂੰ ਦਿੰਦਾ ਹੈ ਜੋ ਆਪਣੀ ਸੈਕੰਡਰੀ ਪੱਧਰ ਦੀ ਸਿੱਖਿਆ ਪੂਰੀ ਕਰਨ ਤੋਂ ਬਾਅਦ ਹੀ ਵਿਦੇਸਾਂ ਵਿੱਚ ਚਲੇ ਜਾਂਦੇ ਹਨ, ਜੇਕਰ ਉਹ ਵਿਦੇਸੀ ਯੂਨੀਵਰਸਿਟੀਆਂ ਵਿੱਚ ਆਪਣੀ ਉੱਚ ਸਿੱਖਿਆ ਦੀ ਡਿਗਰੀ ਪ੍ਰਾਪਤ ਕਰਨ ਦੇ ਚਾਹਵਾਨ ਹਨ, ਤਾਂ ਉਹਨਾਂ ਨੂੰ ਕੁਝ ਵਿਦੇਸੀ ਯੂਨੀਵਰਸਿਟੀਆਂ ਦੁਆਰਾ ਪ੍ਰਦਾਨ ਕੀਤੀ ਜਾਣ ਵਾਲ਼ੀ ਸਕਾਲਰਸ਼ਿਪ ਲਈ ਆਪਣੇ ਆਪ ਨੂੰ ਤਿਆਰ ਕਰ ਕੇ ਵਿਦੇਸ ਜਾਣਾ ਚਾਹਿਦਾ ਹੈ।

- ਲੋਕ ਵਿਦੇਸ ਜਾਣ ਲਈ ਇੰਨੇ ਉਤਸੁਕ ਹਨ ਕਿ ਉਹ ਗ਼ੈਰ-ਕਾਨੂੰਨੀ ਢੰਗ ਨਾਲ਼ ਜਾਣ ਤੋਂ ਵੀ ਸੰਕੋਚ ਨਹੀਂ ਕਰਦੇ। ਮੌਜੂਦਾ ਖੋਜ ਅਧਿਐਨ ਅਨੁਸਾਰ 1.47 ਪ੍ਰਤਿਸ਼ਤ ਪਰਿਵਾਸੀਆਂ ਦੁਆਰਾ ਅਜਿਹੇ ਤਰੀਕੇ ਵਰਤੇ ਗਏ। ਕੁਝ ਦਲਾਲ-ਤਸਕਰ ਦੇ ਚੁੰਗਲ ਵਿੱਚ ਫਸ ਕੇ ਕੁਝ ਪੰਜਾਬੀ ਨੌਜਵਾਨ ਵਿਦੇਸਾਂ ਦੀ ਸਾਨੋ-ਸ਼ੌਕਤ ਦੇ ਪ੍ਰਭਾਵ ਹੇਠ ਗ਼ੈਰ-ਕਾਨੂੰਨੀ ਢੰਗ ਨਾਲ਼ ਪਰਵਾਸ ਕਰ ਜਾਂਦੇ ਹਨ ਜਿਸ ਕਾਰਨ ਉਹਨਾਂ ਨੂੰ ਸ਼ੋਸ਼ਣ ਦਾ ਸ਼ਿਕਾਰ ਹੋਣਾ ਪੈਂਦਾ ਹੈ। ਗ਼ੈਰ-ਕਾਨੂੰਨੀ ਪਰਵਾਸ ਦੀ ਸਮੱਸਿਆ ਦੇ ਹੱਲ ਲਈ ਨੌਜਵਾਨਾਂ ਵਿੱਚ ਪਰਵਾਸ ਦੇ ਗ਼ੈਰ-ਕਾਨੂੰਨੀ ਢੰਗਾਂ ਵਿਰੁੱਧ

ਜਾਗਰੂਕਤਾ ਪੈਦਾ ਕਰਨੀ ਚਾਹੀਦੀ ਹੈ। ਨੌਜਵਾਨਾਂ ਨੂੰ ਹੁਨਰ ਅਤੇ ਵਿਵਹਾਰਿਕ ਵਿੱਦਿਆ ਦਿੱਤੀ ਜਾਵੇ ਤਾਂ ਜੋ ਉਹ ਆਪਣੇ ਦੇਸ ਅਤੇ ਵਿਦੇਸਾਂ ਵਿੱਚ ਸਤਿਕਾਰਯੋਗ ਰੁਜ਼ਗਾਰ ਪ੍ਰਾਪਤ ਕਰ ਸਕਣ। ਇਸ ਤੋਂ ਇਲਾਵਾ, ਸਰਕਾਰ ਨੂੰ ਦਲਾਲ-ਤਸਕਰ ਗਠਜੋੜ ਨੂੰ ਤੋੜਨ ਲਈ ਕਾਨੂੰਨ ਬਣਾਉਣ ਅਤੇ ਸਖ਼ਤੀ ਨਾਲ਼ ਲਾਗੂ ਕਰਨ ਦੀ ਜ਼ਰੂਰਤ ਹੈ।

- ਮੌਜੂਦਾ ਖੋਜ ਅਧਿਐਨ ਤੋਂ ਪਤਾ ਲੱਗਿਆ ਕਿ ਵਿਦੇਸਾਂ ਵਿੱਚ ਵਧੀਆ ਰਹਿਣ-ਸਹਿਣ ਦੀਆਂ ਸਥਿਤੀਆਂ ਅਤੇ ਪ੍ਰਸ਼ਾਸਕੀ ਸਹੂਲਤਾਂ ਨੇ 70.09 ਪ੍ਰਤਿਸ਼ਤ ਪੇਂਡੂ ਪੰਜਾਬੀਆਂ ਪਰਵਾਸ ਕਰਨ ਲਈ ਆਕਰਸ਼ਿਤ ਕੀਤਾ। ਇਸ ਲਈ ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਸੂਬੇ ਅਤੇ ਦੇਸ ਵਿੱਚ ਰਹਿਣ-ਸਹਿਣ ਦੀਆਂ ਸਥਿਤੀਆਂ ਅਤੇ ਪ੍ਰਸ਼ਾਸਨ ਵਿੱਚ ਕਾਫ਼ੀ ਸੁਧਾਰ ਕਰਨਾ ਚਾਹੀਦਾ ਹੈ।

## ਹਵਾਲੇ

Behl, S. (2017). International migration and extent of remittances: A case study of rural Punjab. International Journal of Economic and Business Review, 5(3), 136-146.

Browne E. (2017). Evidence on education as a driver for migration, Retrieved from https://assets.publishing.service.gov.uk/media/598086a0ed915d022b00003c/K4D_HDR__Migration_and_Education.pdf

Chanda, R. and Ghosh, S. (2012) The Punjabi diaspora in the UK: An overview of characteristics and contributions to India. Working paper, No 380, Indian Institute of Management Bangalore. Retrieve from: https://papers.ssrn.com/sol3/papers.cfm?abstract_id=2179734

Dodani. S. and Laporte, R.E. (2005). Brain drain from developing countries: how can brain drain be converted into wisdom gain? *Journal of the Royal Society of Medicine*, 98(11), 487-491.

Gaur, S. and Saxena, P. C. (2005). Networks perpetuating labour migration from India to Lebanon: A comparative study from the states of Punjab and Tamil Nadu. Retrieve from https://ipc2005.popconf.org/papers/52510

Government of India. (2011). *Census of India*. Director of Census Operations, Punjab. Retrieved from http://censusindia.gov.in/.

Grover, D.K., Singh, J.K., Kaur, A. and Kumar, S. (2017). *State Agricultural Profile-Punjab*. Agro-Economic Research Centre, Department of Economics and Sociology, Punjab Agricultural University, Ludhiana.

Gupta, R., Kaur, G., Thakur, P.A., Dadhwal, A., and Pandey, A.K**.** (2023). Flight from Punjab to Foreign: A case study on international migration of residents of Punjab. European Chemical Bulletin, 12(5): 575-581.

Jacobsen, K.A. and Myrvold, K. (eds.) (2011). *Sikhs in Europe: Migration, Identities and Representations*. Ashgate, U.K.,

Judge, P.S. (2012). Mapping the Social Background of Punjabi Diaspora. in Sahai, P.S.; Chand, K. and Kumar, P. (eds.). *Indian Diaspora: Migration and Development with focus on the State of Punjab.* Centre for Research in Rural and Industrial Development (CRRID), Chandigarh, 33-59.

Kapuria, S. (2018). International migration from Punjab and challenges for governance. *Panjab University: Research Journal (Arts),* XLV (1), 1-19

Kapuria, S. and Birwal, D. (2017). International migration from Punjab: Trends and challenges. Researchpaedia, 4(1), 27-36.

Kaur, A.P. (2020). Impact of migration on gender roles: Study of left behind wives in rural Punjab. Indian Journal of Health and Well-being. 11(7-9): 407-411.

Kaur, G. and Brar, J.S. (2020). Emigration from Farm Households of Punjab: Nature, Extent and Incidence. Journal of Sikh & Punjab Studies. 27 (1/2): 95-114.

Kumar, S. and Hussain, Z. (2008). Managing International Labour Migration from India: Policies and Perspectives. ILO, Sub Regional Office for South Asia, New Delhi.

Ministry of External Affairs (2019). Annual report 2018-2019. Retrieved from http://www.mea.gov.in/Uploads/PublicationDocs/31719_MEA_AR18_19.pdf

Nanda, A.K & Veron J. (2015). Dynamics of International Out-migration from Punjab, Report on PIMS. INED, Paris and CRRID, Chandigarh, 1,38.

Organization for Security and Co-operation in Europe (OSCE), International Organization for Migration (IOM), International Labour Office (ILO). (2006). Handbook on Establishing Effective Labour Migration Policies in Countries of Origin and Destination. OSCE, IOM, ILO; Geneva

Sasikumar, S.K. and Hussain, Z. (2008), Managing International labour Migration from India: Policies and Perspectives, ILO Asia-Pacific Working Paper Series.

The Tribune (2018). Cost of foreign dreams for patients in Punjab. July 29. Retrieved from https://www.tribuneindia.com/news/punjab/cost-of-foreign-dreams-forparents-in-punjab-rs-27-000-cr/628584.html

The Tribune (2019). Unsettling migration's underbelly, March 03. Retrieved from https://www.tribuneindia.com/news/archive/features/unsettling-migrations-underbelly-737217

United Nations Office on Drugs and Crime (UNODC). (2009). *Smuggling of Migrants from India to Europe and in particular to U.K.: A Study on Punjab and Haryana*. UNODC; New Delhi.